# FARM AND SPICE

**Open 7 Days a Week**
**8.30 am to 9.00 pm**

**SPECIAL OFFERS: 26 JAN 1 FEB**

Daily Specials on

ਧਨੀਆ
**Cilantro**
79¢ each

ਸੰਤਰਾ ਛੋਟਾ/ਵੱਡਾ
**Orange Small/Large**
$1.49 /lb

ਗਾਲਾ ਬੀ ਸੀ ਸੇਬ
**Gala BC Apple**
$1.49 /lb

ਲਸਣ
**Garlic 3's**
69¢ each

ਹਰੇ ਨਿੰਬੂ
**Lime**
2 for $1.00

ਅਦਰਕ
**Ginger**
$2.49 /lb

ਐਂਬ੍ਰੋਸੀਆ ਸੇਬ
**Ambrosia Apple**
$1.49 /lb

ਲਾਲ ਸੇਬ
**Red Delicious Apple**
$1.49 /lb

ਆਵੋਕਾਡੋ
**Avocado**
99¢ each

ਫੁੱਲ ਗੋਭੀ
**Cauliflower**
$2.99 each

ਲੈਟਿਸ ਹੈੱਡ
**Lettuce Head**
$1.99 each

ਸਰੋਂ ਦਾ ਤੇਲ
**Gagan**
Mustard Oil
250ml $1.49 each

ਅਖਰੋਟ
**Walnuts**
Bulk
$4.49 /lb

ਮੇਰੀ ਚਾਹ
**Meri Chai**
Tea Bags
216Bags $5.49 each

ਮੈਂਗੋ ਜੂਸ
**ITN**
Mango Juice
1.5Ltr $2.99 each

ਸਰੋਂ ਦਾ ਸਾਗ
**Sohna**
Saron Da Saag
850g $3.99 each

ਸ਼ਹਿਦ
**Mothers Love**
Honey
900 g $7.99 each

ਪਾਰਲੀਮੈਂਟ ਚਾਵਲ
**Parliament**
Basmati Rice
8 lb $7.99 each

ਐਸੋਟਿਡ ਰੱਸ
**Aap Ki Pasand**
Assorted Rusk
600g $3.99 each

## AMA Products at lowest Price

Disposable 7' Spoons
20pcs $1.29 each

7' Round Plates
40pcs $3.99 each

9 oz paper cups
50pcs $3.99 each

6 Compartment cornstarch trays
40pcs $9.99 each

ਆਈ ਟੀ ਐਨ ਚਾਵਲ
**ITN Basmati**
Super Long Rice
8 lb $9.99 each

ਕ੍ਰਾਊਨ ਤੇਲ
**Crown**
Sunflower Oil
3 ltr $12.99 each

ਰੈਡ ਲੇਬਲ ਚਾਹ
**Red Label**
Tea
216 bags $13.99 each

ਕਨੋਲਾ ਤੇਲ
**Canola Harvest**
Canola Oil
3 ltr $13.99 each

**#9546-9548 Scott Town Plaza 96 Ave Scott Road Surrey**
**# 09-10 12830 96 Ave. Surrey BC | Tel: 604 930 7742**
**# 103-104 14320 64 Ave. Surrey BC | Tel: 604 593 6323**

*while supply last

# ਜਥੇਦਾਰ ਵਲਟੋਹਾ ਵੱਲੋਂ ਗੁਰਬਾਣੀ ਦੀ ਦੁਰਵਰਤੋਂ

ਬਾਦਲਕਿਆਂ ਨੇ ਹੁਣ ਗੁਰਬਾਣੀ ਦੀ ਵਰਤੋਂ ਸਤਿਗੁਰੂ ਦੀ ਮਹਾਨਤਾ ਦੀ ਥਾਂ ਦੇਵ ਮਹਾਨਤਾ ਲਈ ਕਰਨੀ ਸ਼ੁਰੂ ਕਰ ਦਿਤੀ ਹੈ ਤੇ ਬਾਦਲਕਿਆਂ ਨੇ ਗੁਰੂ ਗਰੰਥ ਸਾਹਿਬ ਦਾ ਮੂਲ ਮਨੋਰਥ ਨਿੰਰਕਾਰ ,ਵਾਹਿਗੁਰੂ ਜੀ ਨੂੰ ਤਿਆਗ ਦਿਤਾ ਹੈ।ਗੁਰਬਾਣੀ ਸਤਿਗੁਰੂ ਨੂੰ ਹੀ ਸਰਬ ਸਰੇਸ਼ਟ ਦੇਵਤਾ ਮੰਨਦੀ ਹੈ।ਗੁਰੂ ਅਰਜਨ ਦੇਵ ਜੀ ਨੇ ਇਥੋਂ ਤਕ ਆਖ ਦਿਤਾ ਕਿ ਸਤਿਗੁਰੂ ਤੇ ਬ੍ਰਹਮ ਵਿਚ ਕੋਈ ਭੇਦ ਨਹੀਂ।

ਭੈਰਉ ਮਹਲਾ ੫ ॥ ਸਤਿਗੁਰੁ ਮੇਰਾ ਬੇਮੁਹਤਾਜੁ ॥ ਸਤਿਗੁਰ ਮੇਰੇ ਸਚਾ ਸਾਜੁ ॥ ਸਤਿਗੁਰੁ ਮੇਰਾ ਸਭਸ ਕਾ ਦਾਤਾ ॥ ਸਤਿਗੁਰੁ ਮੇਰਾ ਪੁਰਖੁ ਬਿਧਾਤਾ ॥੧॥ ਗੁਰ ਜੈਸਾ ਨਾਹੀ ਕੋ ਦੇਵ ॥ ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ ॥੧॥ ਰਹਾਉ ॥ ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥ ਸਤਿਗੁਰੁ ਮੇਰਾ ਮਾਰਿ ਜੀਵਾਲੈ ॥ ਸਤਿਗੁਰ ਮੇਰੇ ਕੀ ਵਡਿਆਈ ॥ ਪ੍ਰਗਟੁ ਭਈ ਹੈ ਸਭਨੀ ਥਾਈ ॥੨॥ ਸਤਿਗੁਰੁ ਮੇਰਾ ਤਾਣੁ ਨਿਤਾਣੁ ॥ ਸਤਿਗੁਰੁ ਮੇਰਾ ਘਰਿ ਦੀਬਾਣੁ ॥ ਸਤਿਗੁਰ ਕੈ ਹਉ ਸਦ ਬਲਿ ਜਾਇਆ ॥ ਪ੍ਰਗਟੁ ਮਾਰਗੁ ਜਿਨਿ ਕਰਿ ਦਿਖਲਾਇਆ ॥੩॥ ਜਿਨਿ ਗੁਰੁ ਸੇਵਿਆ ਤਿਸੁ ਭਉ ਨ ਬਿਆਪੈ ॥ ਜਿਨਿ ਗੁਰੁ ਸੇਵਿਆ ਤਿਸੁ ਦੁਖੁ ਨ ਸੰਤਾਪੈ ॥ ਨਾਨਕ ਸੋਧੇ ਸਿੰਮ੍ਰਿਤਿ ਬੇਦ ॥ ਪਾਰਬ੍ਰਹਮ ਗੁਰ ਨਾਹੀ ਭੇਦ ॥੪॥੧੧॥੨੪॥ {ਪੰਨਾ 1142}

ਹੁਣੇ ਜਿਹੇ ਬਾਦਲਕਿਆਂ ਦੇ ਸੀਨੀਅਰ ਆਗੂ ਵਿਰਸਾ ਸਿੰਘ ਵਲਟੋਹਾ ਨੇ ਹਿੰਦੂ ਭਾਈ ਚਾਰੇ ਨੂੰ ਵਧਾਈ ਦਿੰਦਿਆਂ ਗੁਰੂ ਗਰੰਥ ਸਾਹਿਬ ਦੇ ਸ਼ਬਦਾਂ ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾ ਕੀ ਸਰਣੰ॥ਦੀ ਵਰਤੋਂ ਕਰਕੇ ਭਗਵਾਨ ਰਾਜ ਰਾਮ ਨੂੰ ਨਿੰਰਕਾਰ ਨਾਲ ਜੋੜਦਿਆਂ ਦਰਸਾਇਆ ਕਿ ਗੁਰਬਾਣੀ ਦੀ ਸ਼ਰਧਾ ਰਾਮ ਜੀ ਵਿਚ ਹੈ। ਜਦ ਕਿ ਅਗਲੀਆਂ ਤੁਕਾਂ ਵਿਰਸਾ ਸਿੰਘ ਵਲਟੋਹਾ ਨੇ ਬਿਆਨ ਹੀ ਨਹੀਂ ਕੀਤੀਆਂ ਜੋ ਕਿ ਤੁਲਨਾਤਮਕ ਵਜੋਂ ਸਤਿਗੁਰੂ ਨੂੰ ਮਹਾਨ ਦਰਸਾਉਂਦੀਆ ਹਨ।ਪੂਰਾ ਸ਼ਲੋਕ ਇੰਜ ਹੈ

ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾ ਕੀ ਸਰਣੰ॥

ਸਤਿਗੁਰੁ ਗੁਰੁ ਸੇਵਿ, ਅਲਖ ਗਤਿ ਜਾ ਕੀ; ਸ੍ਰੀ ਰਾਮਦਾਸੁ ਤਾਰਣ ਤਰਣੰ॥ {ਭਟ ਗਯੰਦ, ਅੰ: ੧੪੦੨

ਰਘੂ ਦੀ ਕੁਲ ਵਿੱਚ ਦਸਰਥ ਦੇ ਘਰ ਵਿੱਚ ਸ਼ਿਰੋਮਣੀ ਤੇ ਸੁੰਦਰ ਰਾਮ ਨੇ ਜਨਮ ਲਿਆ ਜਿਨ੍ਹਾਂ ਦੀ ਸਰਨ ਆਉਣਾ ਰਿਸ਼ੀ ਮੁਨੀ ਲੋਚਦੇ ਸਨ।ਪਰ ਮੇਰੇ ਲਈ ਸਤਿਗੁਰੂ ਰਾਮਦਾਸ ਮਹਾਨ ਹਨ ਤੇ ਉਨ੍ਹਾਂ ਦੀ ਸੇਵਾ,ਸਰਨ ਵਿਚ ਪੈਣਾ ਚਾਹੀਦਾ ਜਿਸ ਦੀ ਮਹਿਮਾ ਬਿਆਨ ਤੋਂ ਬਾਹਰ ਹੈ, ਤੇ ਜੋ ਮਨੁੱਖ ਨੂੰ ਭਵਜਲ ਵਿਚੋਂ ਤਾਰ ਸਕਦੇ ਹਨ।

ਇੰਜ ਜਾਪਦਾ ਹੈ ਕਿ ਬਾਦਲਕਿਆਂ ਨੂੰ ਗੁਰਬਾਣੀ ਦੀ ਸਮਝ ਨਹੀਂ ਜਾਂ ਉਹ ਗੁਰਬਾਣੀ ਦੀ ਦੁਰਵਰਤੋਂ ਕਰਕੇ ਸਿਆਸੀ ਲਾਹਾ ਲੈਣਾ ਚਾਹੁੰਦੇ ਹਨ ਤੇ ਸਤਿਗੁਰੂ ਦੇ ਅਸਲ




ਤਤ ਨੂੰ ਖਤਮ ਕਰਨਾ ਚਾਹੁੰਦੇ ਹਨ।ਰਾਮ ਮੰਦਰ ਬਾਰੇ ਹਿੰਦੂ ਭਾਈਚਾਰੇ ਨੂੰ ਵਧਾਈ ਦੇਣਾ ਬਾਦਲਕਿਆਂ ਦਾ ਸਹੀ ਫੈਸਲਾ ਹੈ।ਅਸੀਂ ਕਿਸੇ ਧਰਮ ਦੀ ਸ਼ਰਧਾ ਤੇ ਮਾਨਤਾ ਵਿਰੁਧ ਨਹੀਂ ਹਾਂ।ਪਰ ਅਸੀਂ ਸਤਿਗੁਰੂ ਵਲੋਂ ਆਪਣੀ ਸਿਰਜੀ ਹੋਂਦ ਨੂੰ ਗੁਆਉਣ ਦੇ ਹਕ ਵਿਚ ਨਹੀਂ ਹਾਂ।ਸਾਡਾ ਨਿਰਾਲਾ ਪੰਥ ਦਾ ਆਧਾਰ ਸਤਿਗੁਰੂ ਦੀ ਦਾਰਸ਼ਨਿਕਤਾ ਹੈ।ਇਸ ਉਪਰ ਸਮਝੋਤਾ ਨਹੀਂ ਹੋ ਸਕਦਾ।ਪਰ ਬਾਦਲਕੇ ਇਸ ਉਪਰ ਵੀ ਸਮਝੋਤਾ ਕਰਨਾ ਚਾਹੁੰਦੇ ਹਨ।ਇਹੀ ਕਾਰਣ ਹੈ ਕਿ ਉਹ ਦਾਰਸ਼ਨਿਕ, ਸਿਆਸੀ ,ਵਿਚਾਰ ਤੇ ਪੰਥਕ ਕਰਮ ਵਜੋਂ ਨਿਘਰ ਚੁਕੇ ਹਨ।ਹੇਠਲੀਆਂ ਤਸਵੀਰਾਂ ਵਿਰਸਾ ਸਿੰਘ ਵਲਟੋਹਾ ਜੀ ਦੀਆਂ ਪ੍ਰਕਾਸ਼ਿਤ ਕੀਤੀਆਂ ਹਨ।

**ਪ੍ਰੋ. ਬਲਵਿੰਦਰਪਾਲ ਸਿੰਘ**

## ਬਲਾਤਕਾਰ ਅਤੇ ਕਤਲ ਵਰਗੇ ਗੰਭੀਰ ਅਪਰਾਧਿਕ ਮਾਮਲਿਆਂ ਦੇ ਦੋਸ਼ੀ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਮਿਲਣਾ ਕਾਨੂੰਨ ਦਾ ਮਜ਼ਾਕ: ਅਖੰਡ ਕੀਰਤਨੀ ਜਥਾ ਦਿੱਲੀ



ਨਵੀਂ ਦਿੱਲੀ:-ਇੱਕ ਪਾਸੇ ਜਿਥੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈਕੇ ਸ਼੍ਰੋਮਣੀ ਕਮੇਟੀ ਆਪਣੇ ਪੱਧਰ ‘ਤੇ ਮੁਹਿੰਮ ਚਲਾ ਰਹੀ ਹੈ ਤਾਂ ਦੂਜੇ ਪਾਸੇ ਬਲਾਤਕਾਰ ਅਤੇ ਕਤਲ ਦੇ ਦੋਸ਼ ‘ਚ 20 ਸਾਲ ਦੀ ਸਜ਼ਾ ਕੱਟ ਰਹੇ ਦੋਸ਼ੀ ਡੇਰਾ ਸਿਰਸਾ ਮੁਖੀ ਰਾਮ ਰਹੀਮ ਨੂੰ ਬੀਤੇ ਚਾਰ ਸਾਲਾਂ ਅੰਦਰ ਨੌਵੀਂ ਵਾਰ 50 ਦਿਨਾਂ ਦੀ ਪੈਰੋਲ ਮਿਲੀ ਹੈ। ਇਸ ਨੂੰ ਲੈਕੇ ਜਿਥੇ ਸਿੱਖ ਸੰਗਤਾਂ ਦੇ ਹਿਰਦੇ ਵਲੂੰਧਰੇ ਗਏ ਹਨ ਤਾਂ ਉਥੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ, ਸ਼੍ਰੋਮਣੀ ਕਮੇਟੀ ਅਤੇ ਸਿੱਖ ਜਥੇਬੰਦੀਆਂ ਵਲੋਂ ਵੀ ਇਸ ‘ਤੇ ਇਤਰਾਜ਼ ਜਾਹਿਰ ਕੀਤਾ ਗਿਆ ਹੈ।ਪੰਥ ਦੀ ਸਿਰਮੌਰ ਜਥੇਬੰਦੀ ਅਖੰਡ ਕੀਰਤਨੀ ਜੱਥਾ ਦਿੱਲੀ ਵਲੋਂ ਵੀ ਦੋਸ਼ੀ ਡੇਰਾ ਮੁਖੀ ਰਾਮ ਰਹੀਮ ਦੀ ਪੈਰੋਲ ਨੂੰ ਲੈਕੇ ਸਵਾਲ ਖੜੇ ਕੀਤੇ ਗਏ ਹਨ। ਉਹਨਾਂ ਕਿਹਾ ਕਿ ਗੰਭੀਰ ਦੋਸ਼ਾਂ ਤਹਿਤ ਸਜ਼ਾ ਕੱਟ ਰਹੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਨੌਵੀਂ ਵਾਰ ਪੈਰੋਲ ਦਿੱਤੀ ਗਈ ਹੈ ਤੇ ਇਸ ਵਾਰ 50 ਦਿਨਾਂ ਦੀ ਪੈਰੋਲ ਮੰਜੂਰ ਕੀਤੀ ਗਈ ਹੈ। ਬਲਾਤਕਾਰ ਅਤੇ ਕਤਲ ਵਰਗੇ ਗੰਭੀਰ ਅਪਰਾਧਿਕ ਮਾਮਲਿਆਂ ਵਿੱਚ ਸਜ਼ਾ ਕੱਟ ਰਹੇ ਰਾਮ ਰਹੀਮ ਨੂੰ ਇਸ ਤਰ੍ਹਾਂ ਵਾਰ-ਵਾਰ ਪੈਰੋਲ ਮਿਲਣਾ ਕਾਨੂੰਨ ਦਾ ਮਜ਼ਾਕ ਬਣ ਕੇ ਰਹਿ ਗਿਆ ਹੈ।ਉਨ੍ਹਾਂ ਖਦਸ਼ਾ ਪ੍ਰਗਟ ਕਰਦਿਆਂ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਮੌਜੂਦਾ ਸਰਕਾਰ ਵੱਲੋਂ ਵਾਰ-ਵਾਰ ਡੇਰਾ ਮੁਖੀ ਰਾਮ ਰਹੀਮ ਨੂੰ ਪੈਰੋਲ ਦਿੱਤੀ ਜਾ ਰਹੀ ਹੈ, ਪਰ ਦੂਸਰੇ ਪਾਸੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਨਹੀਂ ਕੀਤੀ ਜਾ ਰਹੀ ਅਤੇ ਸਜ਼ਾ ਪੂਰੀ ਹੋਣ ਦੇ ਬਾਵਜੂਦ ਉਨਾਂ ਨੂੰ ਜੇਲ੍ਹਾਂ ਵਿੱਚ ਰੱਖਿਆ ਜਾ ਰਿਹਾ ਹੈ। ਜਿਸ ਤੋਂ ਸਾਫ਼ ਜਾਹਿਰ ਹੈ ਕਿ ਘੱਟ ਗਿਣਤੀਆਂ ਨੂੰ ਕਾਨੂੰਨ ਅਨੁਸਾਰ ਵੀ ਨਿਆਂ ਨਹੀਂ ਮਿਲਦਾ ਤੇ ਇੱਕ ਡੇਰਾ ਮੁਖੀ ਜੋ ਕਿ ਸਜ਼ਾ ਜਾਫਤਾ ਹੈ ਅਤੇ ਗੰਭੀਰ ਦੋਸ਼ਾਂ ਤਹਿਤ ਸਜ਼ਾ ਕੱਟ ਰਿਹਾ ਹੈ, ਉਸ ਨੂੰ ਸਿਰਫ ਰਾਜਨੀਤਿਕ ਹਿੱਤਾਂ ਦੀ ਪੂਰਤੀ ਲਈ ਵਾਰ-ਵਾਰ ਪੈਰੋਲ ਦਿੱਤੀ ਜਾ ਰਹੀ ਹੈ।

ਉਨ੍ਹਾਂ ਨੇ ਦੇਸ਼ ਦੀ ਨਿਆਂ ਪ੍ਰਣਾਲੀ ਤੇ ਸੁਆਲ ਚੁੱਕਦਿਆਂ ਕਿਹਾ ਕਿ ਇੱਕ ਅਪਰਾਧੀ ਨੂੰ ਵਾਰ-ਵਾਰ ਪੈਰੋਲ ਮਿਲਣ ਨਾਲ ਕਿਤੇ ਨਾ ਕਿਤੇ ਨਿਆਂ ਪ੍ਰਣਾਲੀ ‘ਤੇ ਵੀ ਸਵਾਲ ਖੜੇ ਹੁੰਦੇ ਹਨ, ਕਿਉਂਕਿ ਇਸ ਤਰ੍ਹਾਂ ਮੁਜ਼ਲਮ ਦੇ ਦਿਲ ਤੋਂ ਕਾਨੂੰਨ ਦਾ ਡਰ ਨਿਕਲ ਜਾਂਦਾ ਹੈ ਤੇ ਓਹ ਸਮਝਦਾ ਹੈ ਕਿ ਜਿੰਨਾਂ ਮਰਜ਼ੀ ਵੱਡਾ ਜ਼ੁਲਮ ਕਰ ਲਓ ਪਰ ਸਰਕਾਰ ਨਾਲ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਦੂਜੇ ਪਾਸੇ ਬੰਦੀ ਸਿੰਘਾਂ ਨੂੰ ਤਾਂ 30 ਤੋਂ 35 ਸਾਲ ਵੀ ਹੋ ਚੁੱਕੇ ਹਨ ਪਰ ਉਨ੍ਹਾਂ ਨੂੰ ਜੇਲ੍ਹਾਂ ਤੋਂ ਬਾਹਰ ਹੀ ਨਹੀਂ ਕੱਢਿਆ ਜਾ ਰਿਹਾ। ਆਖ਼ਿਰ ਕਦੋ ਤਕ ਸਿੱਖਾਂ ਨੂੰ ਦੂਜੇ ਦਰਜ਼ੇ ਦੇ ਨਾਗਰਿਕ ਹੋਣ ਦੇ ਅਹਿਸਾਸ ਨਾਲ ਗੁਲਾਮਾਂ ਵਾਲਾ ਵਰਤਾਵ ਜਾਰੀ ਰਹੇਗਾ.? ਬਹੁ ਗਿਣਤੀ ਅਤੇ ਸਰਕਾਰਾਂ ਦੀ ਈਨ ਮੰਨਣ ਵਾਲਿਆਂ ਲਈ ਕਾਨੂੰਨ ਦੂਜਾ ਤੇ ਇਨਸਾਫ਼ ਪਸੰਦ ਲੋਕਾਂ ਲਈ ਦੂਜਾ.? ਕਿ ਇਸ ਨੂੰ ਲੋਕਤੰਤਰ ਕਿਹਾ ਜਾ ਸਕਦਾ ਹੈ.? ਇਸ ਮੌਕੇ ਅਖੰਡ ਕੀਰਤਨੀ ਜੱਥੇ ਦੇ ਪ੍ਰਧਾਨ ਭਾਈ ਹਰਜਿੰਦਰ ਸਿੰਘ, ਭਾਈ ਅਰੁਣਪਾਲ ਸਿੰਘ, ਸਾਬਕਾ ਪ੍ਰਧਾਨ ਭਾਈ ਅਰਵਿੰਦਰ ਸਿੰਘ ਰਾਜਾ, ਭਾਈ ਮਲਕੀਤ ਸਿੰਘ, ਭਾਈ ਮਨਜੀਤ ਸਿੰਘ ਮੋਤੀ ਨਗਰ, ਭਾਈ ਜਸਵਿੰਦਰ ਸਿੰਘ, ਭਾਈ ਗੁਰਮੇਲ ਸਿੰਘ, ਭਾਈ ਗੁਰਪ੍ਰੀਤ ਸਿੰਘ ਅਤੇ ਹੋਰ ਬਹੁਤ ਸਾਰੇ ਸਿੰਘ ਹਾਜਿਰ ਸਨ ।









# ਸਿੱਖ ਕੌਮ ਉਤੇ ਹਿੰਦੂਤਵ ਹੁਕਮਰਾਨਾਂ ਦਾ ਜ਼ਬਰ ਬਾ-ਦਸਤੂਰ ਜਾਰੀ ਹੈ ਜਿਸ ਅਧੀਨ ਵਿਦੇਸ਼ਾਂ ਅੰਦਰ ਸਿੱਖਾਂ ਦਾ ਹੋ ਰਿਹਾ ਹੈ ਕਤਲ:ਮਾਨ

ਨਵੀਂ ਦਿੱਲੀ:"ਹਿੰਦੂਤਵ ਹੁਕਮਰਾਨਾਂ ਨੇ ਮੁਲਕ ਦੀ ਵੰਡ ਸਮੇਂ ਸਿੱਖ ਕੌਮ ਨੂੰ ਵਿਸਵਾਸ ਵਿਚ ਲੈਂਦੇ ਹੋਏ ਇਹ ਜਨਤਕ ਤੌਰ ਤੇ ਵਾਅਦਾ ਕੀਤਾ ਸੀ ਕਿ ਆਜਾਦ ਹੋਣ ਤੋ ਬਾਅਦ ਉੱਤਰੀ ਭਾਰਤ ਵਿਚ ਸਿੱਖ ਕੌਮ ਨੂੰ ਇਕ ਆਜ਼ਾਦ ਖਿੱਤਾ ਦਿੱਤਾ ਜਾਵੇਗਾ । ਜਿਥੇ ਸਿੱਖ ਕੌਮ ਆਪਣੀਆ ਰਹੁ-ਰੀਤੀਆ ਅਨੁਸਾਰ ਆਜ਼ਾਦੀ ਨਾਲ ਆਪਣੀ ਜਿੰਦਗੀ ਬਸਰ ਕਰ ਸਕੇਗੀ । ਉਸ ਵਾਅਦੇ ਤੋਂ ਮੁਨਕਰ ਹੋ ਕੇ ਹੁਕਮਰਾਨਾਂ ਨੇ ਸਿੱਖ ਕੌਮ ਨਾਲ ਵੱਡਾ ਧੋਖਾ ਕੀਤਾ । ਇਸ ਉਪਰੰਤ ਪੰਜਾਬੀ ਸੂਬੇ ਦੇ ਸੰਘਰਸ਼ ਸਮੇਂ 60 ਹਜਾਰ ਸਿੱਖਾਂ ਨੂੰ ਜੇਲ੍ਹਾਂ ਵਿਚ ਬੰਦੀ ਬਣਾਕੇ ਤਸੱਦਦ ਕੀਤਾ ਗਿਆ । ਫਿਰ 1966 ਵਿਚ ਜਦੋਂ ਪੰਜਾਬੀ ਸੂਬਾ ਬਣਿਆ ਤਾਂ ਸਮੁੱਚੇ ਪੰਜਾਬੀ ਬੋਲਦੇ ਇਲਾਕਿਆ ਨੂੰ ਮੰਦਭਾਵਨਾ ਅਧੀਨ ਬਾਹਰ ਰੱਖਿਆ ਗਿਆ ਅਤੇ ਹਿਮਾਚਲ-ਹਰਿਆਣਾ ਸੂਬੇ ਹੋਂਦ ਵਿਚ ਲਿਆਕੇ ਪੰਜਾਬੀਆਂ ਨਾਲ ਬਹੁਤ ਵੱਡੀ ਬੇਈਮਾਨੀ ਕੀਤੀ ਗਈ । ਫਿਰ 1984 ਦੇ ਬਲਿਊ ਸਟਾਰ ਸਮੇਂ ਇਕ ਗਿਣੀ ਮਿੱਥੀ ਸਾਜਿਸ ਅਧੀਨ ਸਿੱਖ ਕੌਮ ਦੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ 36 ਹੋਰ ਗੁਰੂਘਰਾਂ ਉਤੇ ਫ਼ੌਜਾਂ ਚਾੜਕੇ ਬਾਹਰੀ ਹਮਲਿਆ ਦੀ ਤਰ੍ਹਾਂ ਸਿੱਖ ਕੌਮ ਨਾਲ ਜ਼ਬਰ, ਕਤਲੇਆਮ ਕੀਤਾ ਗਿਆ ਅਤੇ ਸਾਡੇ ਗੁਰੂਘਰਾਂ ਦੀ ਸਾਨੋ ਸ਼ੌਕਤ ਦਾ ਅਪਮਾਨ ਕੀਤਾ ਗਿਆ। ਫਿਰ ਅਕਤੂਬਰ 1984 ਵਿਚ ਡੂੰਘੀ ਸਾਜਿਸ ਤਹਿਤ ਦਿੱਲੀ, ਕਾਨਪੁਰ, ਬਕਾਰੋ ਅਤੇ ਇੰਡੀਆਂ ਦੇ ਹੋਰ ਹਿੱਸਿਆ ਵਿਚ ਸਿੱਖਾਂ ਦੇ ਘਰਾਂ, ਕਾਰੋਬਾਰਾਂ ਨੂੰ ਅੱਗਾਂ ਲਗਾਉਣ ਦੇ ਨਾਲ-ਨਾਲ ਬੇਰਹਿੰਮੀ ਨਾਲ ਸਿੱਖ ਬੱਚਿਆਂ, ਬੀਬੀਆਂ, ਬਜੁਰਗਾਂ ਦਾ ਕਤਲੇਆਮ ਕੀਤਾ ਗਿਆ । ਇਸ ਤੋਂ ਇਲਾਵਾ ਡੇਢ ਦਹਾਕੇ ਤੱਕ ਪੰਜਾਬ ਵਿਚ ਨਿਰਦੋਸ਼ ਅੰਮ੍ਰਿਤਧਾਰੀ ਸਿੱਖ ਨੌਜਵਾਨਾਂ ਨੂੰ ਘਰਾਂ ਵਿਚੋਂ ਚੁੱਕ ਕੇ ਝੂਠੇ ਪੁਲਿਸ ਮੁਕਾਬਲੇ ਵੱਡੀ ਗਿਣਤੀ ਵਿਚ ਬਣਾਏ ਗਏ । ਸਾਡੇ ਸਿੱਖ ਪਰਿਵਾਰਾਂ ਦੀਆਂ ਧੀਆਂ-ਭੈਣਾਂ ਨਾਲ ਪੁਲਿਸ ਤੇ ਹੁਕਮਰਾਨਾਂ ਨੇ ਬੇਪਤੀਆ ਕੀਤੀਆ । ਅੱਜ ਵੀ ਸਿੱਖ ਕੌਮ ਉਤੇ ਹਿੰਦੂਤਵ ਹੁਕਮਰਾਨਾਂ ਦਾ ਜ਼ਬਰ ਜਾਰੀ ਹੈ ਜਿਸ ਅਧੀਨ ਇਨ੍ਹਾਂ ਦੀਆਂ ਖੁਫੀਆ ਏਜੰਸੀਆ ਆਈ.ਬੀ, ਰਾਅ, ਮਿਲਟਰੀ ਇੰਨਟੈਲੀਜੈਸ, ਕੌਮੀ ਸੁਰੱਖਿਆ ਸਲਾਹਕਾਰ ਸ੍ਰੀ ਅਜੀਤ ਡੋਵਾਲ ਨੇ ਬਾਹਰਲੇ ਮੁਲਕਾਂ ਵਿਚ ਸਿੱਖ ਪੱਖੀ ਸੋਚ ਰੱਖਣ ਵਾਲੇ ਸਿੱਖਾਂ ਨੂੰ ਨਿਸ਼ਾਨਾਂ ਬਣਾਕੇ ਕਤਲੇਆਮ ਸੁਰੂ ਕਰ ਦਿੱਤਾ । ਜਿਸ ਵਿਚ ਹਰਦੀਪ ਸਿੰਘ ਨਿੱਝਰ, ਰਿਪੁਦਮਨ ਸਿੰਘ ਮਲਿਕ, ਸੁਖਦੂਲ ਸਿੰਘ, ਅਵਤਾਰ ਸਿੰਘ ਖੰਡਾ, ਪਰਮਜੀਤ ਸਿੰਘ ਪੰਜਵੜ, ਲਖਬੀਰ ਸਿੰਘ ਰੋਡੇ, ਦੀਪ ਸਿੰਘ ਸਿੱਧੂ, ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੇ ਕਤਲ ਕੀਤੇ ਗਏ । ਅੱਜ ਜਦੋ ਇਹ ਹਿੰਦੂਤਵ ਹੁਕਮਰਾਨ ਅਤੇ ਇਨ੍ਹਾਂ ਦੇ ਧਾਰਮਿਕ ਸੰਕਰਾਚਾਰੀਆ ਅਯੁੱਧਿਆ ਵਿਖੇ ਰਾਮ ਮੂਰਤੀ ਸਥਾਪਨਾ ਕਰ ਰਹੇ ਹਨ, ਤਾਂ ਇਹ ਸਿੱਖ ਕੌਮ ਨਾਲ ਕੀਤੇ ਗਏ ਵੱਡੇ ਧੋਖੇ, ਫਰੇਬ, ਬੇਈਮਾਨੀਆਂ,



ਜ਼ਬਰ ਜੁਲਮਾਂ ਲਈ ਪਸਚਾਤਾਪ ਕਰਦੇ ਹੋਏ ਸਿੱਖ ਕੌਮ ਨੂੰ ਇਨਸਾਫ ਦੇਣ ਦੀ ਗੱਲ ਕਰ ਸਕਣ, ਤਦ ਹੀ ਇਨ੍ਹਾਂ ਦੀਆਂ ਆਤਮਾਵਾ ਉਤੇ ਗੈਰ ਇਨਸਾਨੀ ਲੱਦਿਆ ਬੋਝ ਕੁਝ ਹਲਕਾ ਹੋ ਸਕੇਗਾ ।"

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ. ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਹਿੰਦੂਤਵ ਹੁਕਮਰਾਨਾਂ ਅਤੇ ਸੰਕਰਾਚਾਰੀਆ ਵੱਲੋਂ ਅੱਜ ਅਯੁੱਧਿਆ ਵਿਖੇ ਜਿਥੇ ਪੁਰਾਤਨ ਸਦੀਆਂ ਤੋਂ ਕਾਇਮ ਮੁਸਲਿਮ ਕੌਮ ਦੀ ਬਾਬਰੀ ਮਸਜਿਦ ਸੀ, ਨੂੰ ਢਹਿ-ਢੇਰੀ ਕਰਕੇ ਅਤੇ ਜ਼ਬਰੀ ਮੰਦਰ ਉਸਾਰਕੇ ਕੀਤੇ ਜਾ ਰਹੇ ਰਾਮ ਮੂਰਤੀ ਸਥਾਪਨਾ ਸਮਾਗਮ ਉਤੇ ਹਿੰਦੂਤਵ ਹੁਕਮਰਾਨਾਂ ਅਤੇ ਸੰਕਰਾਚਾਰੀਆ ਨੂੰ ਸਿੱਖ ਕੌਮ ਨਾਲ ਕੀਤੇ ਫਰੇਬਾ ਲਈ ਪਸਚਾਤਾਪ ਕਰਨ ਅਤੇ ਇਨਸਾਫ਼ ਦੇਣ ਲਈ ਗੱਲ ਕਰਦੇ ਹੋਏ ਪ੍ਰਗਟ ਕੀਤੇ।

ਉਨ੍ਹਾਂ ਕਿਹਾ ਕਿ ਦੁਨੀਆ ਦੇ ਕਿਹੜੇ ਧਰਮ-ਕੌਮ ਦੇ ਗ੍ਰੰਥਾਂ, ਵੇਦਾਂ ਵਿਚ ਲਿਖਿਆ ਹੋਇਆ ਹੈ ਕਿ ਕਿਸੇ ਦੂਸਰੇ ਧਰਮ ਦੇ ਧਾਰਮਿਕ ਸਥਾਂਨ ਨੂੰ ਜ਼ਬਰੀ ਢਾਹਕੇ ਉਥੇ ਆਪਣੇ ਧਾਰਮਿਕ ਸਥਾਂਨ ਕਾਇਮ ਕੀਤੇ ਜਾਣ ? ਇਨ੍ਹਾਂ ਨੂੰ ਇਸ ਗੱਲ ਦੀ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਸਿੱਖ ਧਰਮ ਤੇ ਸਿੱਖ ਕੌਮ ਜਿਥੇ ਦੂਸਰੇ ਧਰਮਾਂ ਅਤੇ ਕੌਮਾਂ ਉਤੇ ਹੋ ਰਹੇ ਜ਼ਬਰ ਜੁਲਮ ਵਿਰੁੱਧ ਜੂਝਦਾ ਹੈ, ਉਥੇ ਉਸਨੇ ਕਦੀ ਵੀ ਕਿਸੇ ਵੀ ਮੰਦਰ, ਮਸਜਿਦ, ਚਰਚ ਆਦਿ ਨੂੰ ਕਤਈ ਨੁਕਸਾਨ ਨਹੀ ਪਹੁੰਚਾਇਆ । ਬਲਕਿ ਇਨ੍ਹਾਂ ਧਾਰਮਿਕ ਸਥਾਨਾਂ ਦੀ ਰੱਖਿਆ ਕਰਦੇ ਹੋਏ ਆਪਣੀਆ ਕੁਰਬਾਨੀਆਂ ਦੇਣ ਨੂੰ ਪਹਿਲ ਦਿੱਤੀ ਹੈ । ਅੱਜ ਜੇਕਰ ਇਸ ਹਿੰਦੂਤਵ ਦਿਹਾੜੇ ਉਤੇ ਆਪਣੇ ਤੋ ਹੋਈਆ ਗੁਸਤਾਖੀਆ ਤੇ ਗਲਤੀਆਂ ਦਾ ਪਸਚਾਤਾਪ ਕਰਦੇ ਹੋਏ ਸ੍ਰੀ ਰਾਮ ਤੋਂ ਆਪਣੀਆ ਭੁੱਲਾਂ ਬਖਸਾਉਣ ਲਈ ਪ੍ਰਾਰਥਨਾ ਕਰ ਸਕਣ, ਤਾਂ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਹਿੰਦੂਤਵ ਹੁਕਮਰਾਨਾਂ ਨੂੰ ਵੀ ਇਨਸਾਨੀਅਤ ਕਦਰਾਂ ਕੀਮਤਾਂ, ਮਨੁੱਖਤਾ ਆਦਿ ਨਾਲ ਕੁਝ ਪਿਆਰ ਸਤਿਕਾਰ ਹੈ।

ਵਰਨਾ ਇਤਿਹਾਸ ਦੇ ਪੰਨਿਆ ਤੇ ਜਰਮਨੀ ਦੇ ਹਿਟਲਰ ਦੀ ਤਰ੍ਹਾਂ ਇਨ੍ਹਾਂ ਦੇ ਇਸ ਥੋੜ੍ਹੇ ਸਮੇ ਦੇ ਰਾਜ ਭਾਗ ਨੂੰ ਤਾਨਾਸਾਹੀ ਵਾਲਾ, ਜ਼ਬਰ ਜੁਲਮ ਤੇ ਬੇਇਨਸਾਫ਼ੀ ਵਾਲਾ ਪ੍ਰਬੰਧ ਹੀ ਦਰਜ ਹੋਵੇਗਾ। ਕਿਸੇ ਵੀ ਮੁਲਕ, ਕੌਮ, ਧਰਮ ਵੱਲੋ ਇਨ੍ਹਾਂ ਦੀਆਂ ਗੈਰ ਇਨਸਾਨੀ, ਗੈਰ ਕਾਨੂੰਨੀ, ਗੈਰ ਸਮਾਜਿਕ ਉਪਰੋਕਤ ਸਿੱਖ ਕੌਮ ਨਾਲ ਕੀਤੀਆ ਗਈਆ ਕਾਰਵਾਈਆ ਤੇ ਅਮਲਾਂ ਨੂੰ ਕੋਈ ਵੀ ਕਦੀ ਵੀ ਸਹੀ ਨਹੀ ਕਹਿ ਸਕੇਗਾ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC

CANRISE IMMIGRATION
www.canriseimmigration.com
778-565-1717

CANRISE IMMIGRATION

SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ

• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa

OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਅਮਰੀਕਾ 'ਚ ਪੜ੍ਹਾਇਆ ਜਾਵੇਗਾ ਸਿੱਖ ਇਤਿਹਾਸ:ਮੁੱਦਾ ਚੁੱਕਣ ਵਾਲੇ ਨੌਜਵਾਨ ਦਾ ਕੀਤਾ ਵਿਸ਼ੇਸ਼ ਸਨਮਾਨ



ਬਠਿੰਡਾ-ਪੰਜਾਬ ਦੇ ਇੱਕ ਨੌਜਵਾਨ ਸਿੱਖ ਨੇ ਯਤਨਾ ਸਦਕਾ ਅਮਰੀਕਾ ਦੇ ਸਰਕਾਰੀ ਸਕੂਲਾਂ ਵਿੱਚ ਸਿੱਖ ਇਤਿਹਾਸ ਪੜ੍ਹਾਇਆ ਜਾਵੇਗਾ। ਬਾਰਵੀਂ ਦੇ ਇਸ ਵਿਦਿਆਰਥੀ ਗੁਰਇਕਪ੍ਰੀਤ ਸਿੰਘ ਨੇ ਸੰਸਥਾਵਾਂ ਨਾਲ ਮਿਲ ਕੇ ਕਰੀਬ ਇੱਕ ਸਾਲ ਤੋਂ ਵੱਧ ਦੀ ਮਿਹਨਤ ਨਾਲ ਸਟੇਟ ਦੀ ਸਿੱਖਿਆ ਕਮੇਟੀ ਨੇ ਸੋਸ਼ਲ ਸਟਡੀ ਦੇ ਸਿਲੇਬਸ ਵਿੱਚ ਸਿੱਖ ਇਤਿਹਾਸ ਸ਼ਾਮਿਲ ਕੀਤਾ ਹੈ। ਇਸ ਨੌਜਵਾਨ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਤਖਤ ਸ਼੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ, ਜਦੋਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਵੀ ਇਸ ਨੌਜਵਾਨ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਸਿੱਖ ਨੌਜਵਾਨ ਗੁਰਇਕਪ੍ਰੀਤ ਸਿੰਘ ਨੇ ਦੱਸਿਆ ਅੱਠਵੀਂ ਤੋਂ ਲੈ ਕੇ ਬਾਰਵੀਂ ਤੱਕ ਸਕੂਲ ਵਿੱਚ ਅਜਿਹਾ ਨੌਜਵਾਨ ਹੈ ਜੋ ਸਿਰਫ ਇਕੱਲਾ ਹੀ ਦਸਤਾਰ ਸਜਾਉਂਦਾ ਹੈ। ਯੂ. ਐਸ. ਏ. ਵਿੱਚ ਜਦੋਂ ਅੱਤਵਾਦੀ ਹਮਲਾ ਹੋਇਆ ਤਾਂ ਯੂ. ਐਸ. ਏ. ਵਿੱਚ ਸਿੱਖਾਂ ਕੌਮ ਨੂੰ ਕਾਫੀ ਹੇਟ ਫੇਸ ਕਰਨਾ ਪਿਆ, ਕਿਉਂਕਿ ਸਿੱਖਾਂ ਨੂੰ ਤੇ ਮੁਸਲਮਾਨ ਇੱਕੋ ਸਮਝਿਆ ਜਾਂਦਾ ਕਿਉਂਕਿ ਦਸਤਾਰ ਉਹ ਵੀ ਸਜਾਉਂਦੇ ਹਨ ਤੇ ਦਾੜਾ ਪ੍ਰਕਾਸ਼ ਕਰਦੇ ਹਨ, ਅਮਰੀਕਨ ਨੂੰ ਸਿੱਖ ਅਤੇ ਮੁਸਲਮਾਨ ਵਿੱਚ ਫਰਕ ਨਹੀਂ ਪਤਾ ਸੀ ਕਿਉਂਕਿ ਉਨ੍ਹਾਂ ਨੂੰ ਸਿੱਖ ਇਤਿਹਾਸ ਬਾਰੇ ਕੁਝ ਵੀ ਪੜ੍ਹਾਇਆ ਨਹੀਂ ਜਾਂਦਾ। ਉਸ ਨੇ ਦੱਸਿਆ ਕਿ ਜਦੋਂ ਸਿੱਖਾਂ ਨੂੰ ਉਥੇ ਹੇਠ ਮਹਿਸੂਸ ਹੋ ਰਹੀ ਸੀ ਤਾਂ ਮੈਂ ਸਕੂਲ ਦੇ ਪ੍ਰਿੰਸੀਪਲ ਨਾਲ ਇਸ ਮੁੱਦੇ ਤੇ ਗੱਲ ਕੀਤੀ ਅਤੇ ਇਸ ਦਾ ਹੱਲ ਕਰਨ ਲਈ ਬੇਨਤੀ ਕੀਤੀ। ਉਨ੍ਹਾਂ ਇਸ ਮਾਮਲੇ 'ਤੇ ਸਟੇਟ ਲੈਵਲ ਤੇ ਗੱਲ ਕਰਨ ਦੀ ਸਲਾਹ ਦਿੱਤੀ। ਇਸ ਮੁੱਦੇ 'ਤੇ ਕੁਝ ਸੰਸਥਾਵਾਂ ਨਾਲ ਮਿਲ ਕੇ ਸਟੇਟ ਕਮੇਟੀ ਨਾਲ ਗੱਲਬਾਤ ਕੀਤੀ ਗਈ। ਉਨ੍ਹਾਂ ਨਾਲ ਮੀਟਿੰਗਾਂ ਕਰਕੇ ਸਟੇਟ ਕਮੇਟੀ ਵਿੱਚ ਬਿੱਲ ਪਾਸ ਕਰਵਾਇਆ ਜਿਸ ਤੋਂ ਬਾਅਦ ਵਿਦਿਆਰਥੀਆਂ ਨਾਲ ਵੀ ਮੀਟਿੰਗਾਂ ਅਤੇ ਚਰਚਾਵਾਂ ਕੀਤੀਆਂ ਦੋ ਹਫਤੇ ਪਹਿਲਾਂ ਫਿਸ਼ ਦੀ ਸੈਨਿਟ ਵੱਲੋਂ ਬਿੱਲ ਪਾਸ ਹੋ ਗਿਆ ਤੇ ਹੁਣ ਨਿਊਜਰਸੀ ਦੇ ਵਿੱਚ ਸਿੱਖ ਇਤਿਹਾਸ ਬਾਰੇ ਪੜ੍ਹਾਇਆ ਜਾਵੇਗਾ। ਉਧਰ ਦੂਜੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਇਸ ਨੌਜਵਾਨ ਵੱਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲੇ ਹੋਣ ਨਾਲ ਜਿੱਥੇ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਹੋਵੇਗਾ, ਉਥੇ ਹੀ ਦੇਸ਼ਾਂ ਵਿਦੇਸ਼ਾਂ ਵਿੱਚ ਸਿੱਖ ਇਤਿਹਾਸ ਬਾਰੇ ਪਤਾ ਲੱਗਣ ਤੋਂ ਬਾਅਦ ਸਿੱਖ ਕੌਮ ਨੂੰ ਆ ਰਹੀਆਂ ਮੁਸ਼ਕਿਲਾਂ ਵੀ ਦੂਰ ਹੋਣਗੀਆਂ। ਉਨ੍ਹਾਂ ਦੱਸਿਆ ਕਿ ਇਸ ਨੌਜਵਾਨ ਨੇ ਦਮਦਮਾ ਸਾਹਿਬ ਵਿਖੇ ਆ ਕੇ ਅੰਮ੍ਰਿਤ ਪਾਨ ਵੀ ਕੀਤਾ ਹੈ।

## (ਮੁੱਖ ਪੰਨੇ ਦੀ ਬਾਕੀ)


ਸੰਸਥਾਵਾਂ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਫਾਇਦਾ ਉਠਾਉਣ, ਘੱਟ ਸਰੋਤ ਵਾਲੇ ਕੈਂਪਸ ਚਲਾਉਣ, ਵਿਦਿਆਰਥੀਆਂ ਦੀ ਸਹਾਇਤਾ ਦੀ ਘਾਟ, ਉੱਚ ਟਿਊਸ਼ਨ ਫੀਸ ਵਸੂਲਣ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਮਹੱਤਵਪੂਰਨ ਵਾਧਾ ਕਰਨ ਬਾਰੇ ਚਿੰਤਾਵਾਂ ਨੂੰ ਉਜਾਗਰ ਕੀਤਾ।ਉਸ ਨੇ ਕਿਹਾ, "ਇਹ ਅਸਵੀਕਾਰਨਯੋਗ ਹੈ ਕਿ ਕੁਝ ਪ੍ਰਾਈਵੇਟ ਸੰਸਥਾਵਾਂ ਨੇ ਘੱਟ ਸਰੋਤ ਵਾਲੇ ਕੈਂਪਸ ਚਲਾ ਕੇ, ਵਿਦਿਆਰਥੀਆਂ ਲਈ ਸਹਾਇਤਾ ਦੀ ਘਾਟ ਅਤੇ ਉੱਚ ਟਿਊਸ਼ਨ ਫੀਸਾਂ ਲੈ ਕੇ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਫਾਇਦਾ ਉਠਾਇਆ ਹੈ।ਜਦੋਂ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਾਫ਼ੀ ਵਾਧਾ ਹੋਇਆ ਹੈ," ਜਾਂ ਟੈਰੇਟਰੀਜ਼ ਨੂੰ ਇੱਕ ਅੰਤਰਰਾਸ਼ਟਰੀ ਵਿਦਿਆਰਥੀ ਪਰਮਿਟ ਲਈ ਅਰਜ਼ੀ ਦੇਣ ਵੇਲੇ ਖੇਤਰ ਤੋਂ ਸੰਘੀ ਸਰਕਾਰ ਨੂੰ ਇੱਕ ਪੁਸ਼ਟੀਕਰਨ ਪੱਤਰ ਵੀ ਪ੍ਰਦਾਨ ਕਰਨਾ ਚਾਹੀਦਾ ਹੈ।


ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ








ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL

Lucky: 604-614-5365

Unit 15 - 8388 128 St., Surrey



# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

## ਇਸ ਹਫਤੇ ਦੇ ਪ੍ਰੋਗਰਾਮ

*22 ਜਨਵਰੀ ਦਿਨ ਸੋਮਵਾਰ ਸੰਧੂ ਪਰਿਵਾਰ ਅਤੇ ਸੰਘੇੜਾ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ ਭੋਗ 24 ਜਨਵਰੀ ਦਿਨ ਬੁੱਧਵਾਰ ਨੂੰ ਪਾਏ ਜਾਣਗੇ।

*24 ਜਨਵਰੀ ਦਿਨ ਬੁੱਧਵਾਰ ਭੋਗ ਸ੍ਰੀ ਅਖੰਡ ਸਵਰਨ ਸਿੰਘ ਅਤੇ ਮੇਹਰ ਸਿੰਘ ਪਰਿਵਾਰ ਵੱਲੋਂ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 26 ਜਨਵਰੀ ਦਿਨ ਸ਼ੁੱਕਰਵਾਰ ਨੂੰ ਭੋਗ ਪਾਏ ਜਾਣਗੇ।

*26 ਜਨਵਰੀ ਦਿਨ ਸ਼ੁੱਕਰਵਾਰ ਦੀਪ ਟਾਇਰ ਕੰਪਨੀ ਪਰਿਵਾਰ ਵੱਲੋਂ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ ਤੇ ਭੋਗ 28 ਜਨਵਰੀ ਨੂੰ ਪੈਣਗੇ।

*26 ਜਨਵਰੀ ਦਿਨ ਸ਼ੁੱਕਰਵਾਰ ਕਾਕਾ ਮਨਿੰਦਰ ਸਿੰਘ ਮਾਨ ਦਾ ਅਨੰਦ ਕਾਰਜ ਹੋਵੇਗਾ।

*28 ਜਨਵਰੀ ਦਿਨ ਐਤਵਾਰ ਸਮੂਹ ਅਕਾਲ ਅਕੈਡਮੀ ਦੇ ਪਰਿਵਾਰਾਂ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਤੇ ਭੋਗ 30 ਜਨਵਰੀ ਦਿਨ ਮੰਗਲਵਾਰ ਪਾਏ ਜਾਣਗੇ।

*30 ਜਨਵਰੀ ਦਿਨ ਮੰਗਲਵਾਰ ਸਵ. ਭਾਈ ਗੁਰਚਰਨ ਸਿੰਘ ਚੱਠਾ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਤੇ ਭੋਗ 1 ਫਰਵਰੀ ਨੂੰ ਪੈਣਗੇ

*1 ਫਰਵਰੀ ਦਿਨ ਵੀਰਵਾਰ ਭਾਈ ਸ਼ਵਿੰਦਰ ਸਿੰਘ ਅਤੇ ਬਲਜਿੰਦਰ ਕੌਰ ਸੰਧੂ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਤੇ ਭੋਗ 3 ਫਰਵਰੀ ਦਿਨ ਸ਼ਨਿਚਰਵਾਰ ਨੂੰ ਪਾਏ ਜਾਣਗੇ।

*2 ਫਰਵਰੀ ਦਿਨ ਸ਼ੁੱਕਰਵਾਰ ਬੀਬੀ ਗੁਰਜੀਤ ਕੌਰ ਦੇ ਸਮੂਹ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ।

*2 ਫਰਵਰੀ ਦਿਨ ਸ਼ੁੱਕਰਵਾਰ ਸ਼ਾਮ 8 ਵਜੇ ਤੋਂ ਰਾਤ 12 ਵਜੇ ਤੱਕ ਰੈਣ ਸਬਾਈ ਕੀਰਤਨ ਦਰਬਾਰ ਹੋਵੇਗਾ ਜਿਸ ਵਿਚ ਪੰਥ ਪ੍ਰਸਿੱਧ ਕੀਰਤਨੀ ਜਥੇ ਪਹੁੰਚ ਰਹੇ ਹਨ।

*3 ਫਰਵਰੀ ਦਿਨ ਸ਼ਨਿਚਰਵਾਰ ਸ਼ਾਮ ਨੂੰ ਸੁਖਮਨੀ ਸਾਹਿਬ ਦੇ ਪਾਠ, ਲੰਗਰ ਅਤੇ ਕੀਰਤਨ ਦੀ ਸੇਵਾ ਭਾਈ ਮਨਜੀਤ ਸਿੰਘ ਸੋਹਲ ਪਰਿਵਾਰ ਵੱਲੋਂ ਹੋਵੇਗੀ

*4 ਫਰਵਰੀ ਦਿਨ ਐਤਵਾਰ ਚੱਲ ਰਹੇ ਅਖੰਡਪਾਠ ਸਾਹਿਬਾਂ ਦੀ ਲੜੀ ਦੇ ਭੋਗ ਪੈਣਗੇ ਅਤੇ ਸਾਰਾ ਦਿਨ ਵਿਸ਼ੇਸ਼ ਗੁਰਮਤਿ ਸਮਾਗਮ ਹੋਣੇਗੇ।

ਨੋਟ:1 ਦਸੰਬਰ ਤੋਂ 4 ਫਰਵਰੀ ਤੱਕ ਰੋਜਾਨਾ ਸਿਮਰਨ ਬਾਬਾ ਜਗਜੀਤ ਸਿੰਘ ਖਾਰੇ ਵਾਲੇ ਅਤੇ ਭਾਈ ਕੁਲਦੀਪ ਸਿੰਘ ਰਸੀਲਾ ਸਮੂਹ ਸੰਗਤੀ ਰੂਪ ਵਿਚ ਸ਼ਾਮ 5.30 ਤੋਂ 6.30 ਵਜੇ ਤੱਕ ਕਰਿਆ ਕਰਨਗੇ, ਉਪਰੰਤ ਗੁਰਬਾਣੀ ਕਥਾ ਭਾਈ ਜਸਵੀਰ ਸਿੰਘ ਜੀ ਖੜਗ ਸ਼ਾਮ 6.30 ਤੋ 7.15 ਵਜੇ ਤੱਕ ਰੋਜਾਨਾ ਕਰਨਗੇ।27 ਦਸੰਬਰ ਤੋਂ 4 ਫਰਵਰੀ ਤੱਕ ਸੰਤ ਬਾਬਾ ਅਤਰ ਸਿੰਘ ਮਸਤੂਆਣੇ ਵਾਲਿਆਂ ਦੀ ਸਾਲਾਨਾ ਬਰਸੀ ਤੇ ਜਾਪ ਹੋਣਗੇ।27 ਦਸੰਬਰ ਤੋਂ 4 ਫਰਵਰੀ ਤੱਕ ਨਿਰੰਤਰ ਅਖੰਡ ਪਾਠ ਸਾਹਿਬ ਚੱਲਣਗੇ।ਸੰਗਤਾਂ ਪਹੁੰਚ ਕੇ ਲਾਹੇ ਪ੍ਰਾਪਤ ਕਰਨੇ ਜੀ।

ਰਾਗੀ ਜੱਥੇ
ਭਾਈ ਕੁਲਦੀਪ ਸਿੰਘ ਰਸੀਲਾ

ਕਥਾਵਾਚਕ
ਭਾਈ ਜਸਵੀਰ ਸਿੰਘ ਖੜਗ

ਤਬਲਾ ਸਿੱਖਣ ਲਈ ਸੰਪਰਕ ਕਰੋ:
604-413-7171

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171

ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



## ਰੋਜਾਨਾ ਦੇ ਪ੍ਰੋਗਰਾਮ


### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਮਾਂ ਬੋਲੀ ਪੰਜਾਬੀ ਦੀ ਤਰੱਕੀ ਲਈ ਹੋਰ ਵੀ ਯੋਗਦਾਨ ਪਾਈਏ:ਪਲੀਅ



**ਬਲਵੰਤ ਸਿੰਘ ਸੰਘੇੜਾ ਪ੍ਰਧਾਨ, ਪੰਜਾਬੀ ਲੈਂਗੂਏਜ ਐਜੂਕੇਸ਼ਨ ਅਸੋਸੀਏਸ਼ਨ (ਪਲੀਅ)**

ਪੰਜਾਬੀ ਭਾਸ਼ਾ ਦੀ ਅੱਜ ਕੱਲ ਸਾਰੀ ਦੁਨੀਆ ਵਿਚ ਬਹੁਤ ਹੀ ਸਤਿਕਾਰ ਯੋਗ ਸਥਿਤੀ ਹੈ। ਦੁਨੀਆ ਵਿਚ 7,000 ਦੇ ਕਰੀਬ ਭਾਸ਼ਾਵਾਂ ਨੂੰ ਯੂਨੈਸਕੋ ਵਲੋਂ ਮਾਣਤਾ ਮਿਲੀ ਹੈ।ਇਹਨਾਂ ਵਿਚੋਂ ਪੰਜਾਬੀ ਸਿਖਰੋਂ ਦਸਵੇਂ ਨੰਬਰ ਉੱਪਰ ਹੈ।ਕਾਫੀ ਪੱਛਮੀਂ ਦੇਸ਼ਾਂ ਵਿਚ ਵੀ ਸਾਡੀ ਮਾਂ ਬੋਲੀ ਨੂੰ ਮਾਣਤਾ ਮਿਲੀ ਹੈ। ਆਸਟਰੇਲੀਆ, ਨਿਊਜ਼ੀਲੈਂਡ, ਇੰਗਲੈਂਡ, ਅਮਰੀਕਾ, ਅਤੇ ਕੈਨੇਡਾ ਵਰਗੇ ਦੇਸ਼ਾਂ ਵਿਚ ਪੰਜਾਬੀ ਦੀ ਕਾਫੀ ਮਹੱਤਤਾ ਹੈ। ਕੈਨੇਡਾ ਵਿਚ ਅੰਗਰੇਜ਼ੀ ਅਤੇ ਫਰਾਂਸੀਸੀ ਤੋਂ ਬਾਅਦ ਪੰਜਾਬੀ ਤੀਸਰੇ ਨੰਬਰ ਉੱਪਰ ਹੈ। ਸਰ੍ਹੀ, ਬਰੈਂਪਟਨ, ਐਬਟਸਫੋਰਡ, ਕੈਲਗਰੀ ਅਤੇ ਐਡਮੈਂਟਨ ਵਰਗੇ ਸ਼ਹਿਰਾਂ ਵਿਚ ਤਾਂ ਪੰਜਾਬੀ ਦੂਸਰੇ ਨੰਬਰ ਉੱਪਰ ਹੈ।ਇਹਨਾਂ ਸ਼ਹਿਰਾਂ ਵਿਚ ਵੱਡੇ ਵੱਡੇ ਅਦਾਰਿਆਂ ਵਿਚ ਪੰਜਾਬੀ ਵਿਚ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ। ਮੈਟਰੋ ਵੈਨਕੋਵਰ ਦੇ ਸਿਟੀ ਹਾਲਾਂ, ਹਸਪਤਾਲਾਂ, ਬੈਂਕਾਂ, ਅਤੇ ਕਈ ਹੋਰ ਥਾਵਾਂ ਉੱਪਰ ਪੰਜਾਬੀ ਭਾਸ਼ਾ ਵਿਚ ਸੇਵਾਵਾਂ ਦੇਣ ਦੇ ਸਾਈਨ ਲੱਗੇ ਹੋਏ ਹਨ। ਇਹਨਾਂ ਪ੍ਰਾਪਤੀਆਂ ਲਈ ਕਮਿਊਨਿਟੀ ਦੇ ਨਾਲ ਪੰਜਾਬੀ ਲੈਂਗੂਏਜ ਐਜੂਕੇਸ਼ਨ ਅਸੋਸੀਏਸ਼ਨ (ਪਲੀਅ) ਦਾ ਵੀ ਬਹੁਤ ਯੋਗਦਾਨ ਹੈ।

ਪਲੀਅ ਅਤੇ ਪੰਜਾਬੀ ਭਾਈਚਾਰੇ ਦੀਆਂ ਕੋਸ਼ਿਸ਼ਾਂ ਸਦਕਾ ਇਸ ਸੂਬੇ ਦੇ ਕਾਫੀ ਸਕੂਲਾਂ, ਕਾਲਜਾਂ, ਅਤੇ ਯੂਨੀਵਰਸਟੀਆਂ ਵਿਚ ਪੰਜਾਬੀ ਦੀ ਕਲਾਸਾਂ ਚਲ ਰਹੀਆਂ ਹਨ। ਵੈਨਕੋਵਰ ਇੰਟਰਨੈਸ਼ਨਲ ਏਰਪੋਰਟ ’ਤੇ ਵੀ ਪੰਜਾਬੀ ਸਾਈਨਾਂ ਦੇ ਨਾਲ ਪੰਜਾਬੀ ਵਿਚ ਸੇਵਾਵਾਂ ਦੇਣੀਆਂ ਵੀ ਪਲੀਅ ਦੀਆਂ ਕੋਸ਼ਿਸ਼ਾਂ ਦਾ ਸਿੱਟਾ ਹੈ। ਕੁਝ ਹਫਤੇ ਹੋਏ ਮੈਨੂੰ ਅਮਰੀਕਨ ਕੌਂਸਲੇਟ ਦੇ ਵੈਨਕੋਵਰ ਵਿਚਲੇ ਦਫਤਰ ਵਿਚ ਜਾਣ ਦਾ ਮੌਕਾ ਮਿਲਿਆ।

ਮੈਨੂੰ ਇਸ ਦਫਤਰ ਵਿਚ ਪੰਜਾਬੀ ਦੀਆਂ ਸਾਈਨਾਂ ਦੇਖ ਕੇ ਬਹੁਤ ਖੁਸ਼ੀ ਹੋਈ। ਮੌਕਾ ਮਿਲਣ ’ਤੇ ਮੈ ਅਮਰੀਕਨ ਕੌਨਸਲੇਟ ਦੇ ਅਧਿਕਾਰੀਆਂ ਦਾ ਪਲੀਅ ਵਲੋਂ ਧੰਨਵਾਦ ਕੀਤਾ। ਇਸੇ ਹੀ ਤਰ੍ਹਾਂ ਮੇਰੇ ਲਈ ਅਤੇ ਸਭ ਪੰਜਾਬੀ ਪ੍ਰੇਮੀਆਂ ਲਈ ਇਹ ਬਹੁਤ ਖੁਸ਼ੀ ਦੀ ਗੱਲ ਸੀ ਜਦੋਂ ਅਸੀਂ ਇਕ ਹਾਕੀ ਦੀ ਗੇਮ ਵਿਚ ਕੈਨੇਡਾ ਦਾ ਨੈਸ਼ਨਲ ਐਂਥਮ ਪੰਜਾਬੀ ਵਿੱਚ ਸੁਣਿਆਂ। ਪੰਜਾਬੀ ਦੇ ਪ੍ਰੇਮੀਆਂ ਅਤੇ ਪਲੀਅ ਲਈ ਇਹ ਸਭ ਕੁਝ ਬਹੁਤ ਹੀ ਮਾਣ ਵਾਲੀਆਂ ਪ੍ਰਾਪਤੀਆਂ ਹਨ।

ਇਸ ਦੇ ਨਾਲ ਸਾਡੇ ਲਈ ਹੋਰ ਵੀ ਖੁਸ਼ੀ ਵਾਲੀ ਗੱਲ ਹੈ ਕਿ ਸਾਡੀ ਕਮਿਊਨਿਟੀ ਦੇ ਕਾਫੀ ਪ੍ਰਤੀਨਿਧੀ ਸਥਾਨਕ, ਸੂਬਾਈ ਅਤੇ ਨੈਸ਼ਨਲ ਲੈਵਲ ਤੇ ਬਹੁਤ ਹੀ ਸਤਿਕਾਰਯੋਗ ਪਦਵੀਆਂ ’ਤੇ ਬੈਠੇ ਸੇਵਾ ਕਰ ਰਹੇ ਹਨ। ਇਹਨਾਂ ਵਿੱਚੋਂ ਬੀ ਸੀ ਦੇ ਵਿਦਿਆ ਮੰਤਰੀ ਮਾਣਯੋਗ ਰਚਨਾਂ ਸਿੰਘ ਇਕ ਵਧੀਆ ਉਦਾਹਰਨ ਹਨ।

ਕੁਝ ਮਹੀਨੇ ਪਹਿਲਾਂ ਪਲੀਅ ਦੇ ਕੁਝ ਪ੍ਰਤੀਨਿਧੀ ਰਚਨਾਂ ਸਿੰਘ ਹੁਰਾਂ ਨੂੰ ਸਕੂਲਾਂ ਵਿਚ ਪੰਜਾਬੀ ਦੀ ਸਿੱਖਿਆ ਸਬੰਧੀ ਕੁਝ ਸੁਝਾਅ ਲੈ ਕੇ ਮਿਲੇ। ਉਹਨਾਂ ਨੇ ਸਾਡਾ ਸਭ ਦਾ ਬਹੁਤ ਹੀ ਨਿੱਘਾ ਸਵਾਗਤ ਕੀਤਾ ਅਤੇ ਸਾਡੇ ਦਿੱਤੇ ਹੋਏ ਸੁਝਾਂਵਾਂ ਉੱਪਰ ਪੂਰਾ ਧਿਆਨ ਦੇਣ ਦਾ ਯਕੀਨ ਦੁਆਇਆ। ਪਲੀਅ ਸਮੁੱਚੀ ਪੰਜਾਬੀ ਕਮਿਊਨਿਟੀ ਅਤੇ ਪੰਜਾਬੀ ਪ੍ਰੇਮੀਆਂ ਦੇ ਸਹਿਯੋਗ ਲਈ ਬਹੁਤ ਧੰਨਵਾਦੀ ਹੈ। ਆਉ ਆਪਾਂ ਰ਼ਲ ਮਿ਼ਲ ਕੇ ਆਪਣੀ ਮਾਂ ਬੋਲੀ ਪੰਜਾਬੀ ਦੀ ਤਰੱਕੀ ਲਈ ਹੋਰ ਵੀ ਯੋਗਦਾਨ ਪਾਈਏ ਅਤੇ ਇਸ ਦਾ ਹੋਰ ਮਾਣ ਵਧਾਈਏ।

# ਪਹਿਲੀ ਵਾਰ ਸੁਪਰੀਮ ਕੋਰਟ ‘ਚ 3 ਦਲਿਤ ਜੱਜ ਹੋਣਗੇ

ਦਿੱਲੀ: ਪਿਛਲੇ ਕੁਝ ਸਮੇਂ ਤੋਂ ਉੱਚ ਨਿਆਂਪਾਲਿਕਾ ਵਿੱਚ ਦਬੇ ਕੁਚਲੇ ਵਰਗਾਂ ਦੀ ਯੋਗ ਸ਼ਮੂਲੀਅਤ ਨਾ ਹੋਣ ਦੇ ਦੋਸ਼ ਲੱਗਦੇ ਰਹੇ ਹਨ। ਕੌਲਿਜੀਅਮ ਪ੍ਰਣਾਲੀ ਦੀ ਇਸ ਲਈ ਵੀ ਆਲੋਚਨਾ ਕੀਤੀ ਗਈ ਹੈ, ਕਿਉਂਕਿ ਇਸ ਦੁਆਰਾ ਚੁਣੇ ਗਏ ਜੱਜਾਂ ਵਿੱਚ ਉੱਚ ਜਾਤੀ ਜਾਂ ਇੱਥੋਂ ਤੱਕ ਕਿ ਇੱਕ ਵਿਸ਼ੇਸ਼ ਜਾਤੀ ਦੇ ਜੱਜਾਂ ਦੀ ਬਹੁਗਿਣਤੀ ਹੈ। ਹੁਣ ਸੁਪਰੀਮ ਕੋਰਟ ਨੂੰ ਇੱਕ ਹੋਰ ਜੱਜ ਮਿਲੇਗਾ। ਸੁਪਰੀਮ ਕੋਰਟ ਦੇ ਕੌਲਿਜੀਅਮ ਨੇ ਇਸ ਸਬੰਧੀ ਕੇਂਦਰ ਸਰਕਾਰ ਨੂੰ ਸਿਫਾਰਸ਼ ਭੇਜੀ ਹੈ।ਕਰਨਾਟਕ ਹਾਈ ਕੋਰਟ ਦੇ ਚੀਫ਼ ਜਸਟਿਸ ਪ੍ਰਸੰਨਾ ਬੀ ਵਰਾਲੇ ਨੂੰ ਸੁਪਰੀਮ ਕੋਰਟ ਦੇ ਜੱਜ ਵਜੋਂ ਨਿਯੁਕਤ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਸ ਨਿਯੁਕਤੀ ਤੋਂ ਬਾਅਦ ਜਸਟਿਸ ਵਰਲੇ ਸੁਪਰੀਮ ਕੋਰਟ ਦੇ ਤੀਜੇ ਦਲਿਤ ਜੱਜ ਹੋਣਗੇ। ਨਾਲ ਹੀ, ਇਸ ਨਿਯੁਕਤੀ ਤੋਂ ਬਾਅਦ ਇਹ ਪਹਿਲੀ ਵਾਰ ਹੋਵੇਗਾ ਕਿ ਸੁਪਰੀਮ ਕੋਰਟ ਵਿੱਚ ਤਿੰਨ ਜੱਜ ਦਲਿਤ ਭਾਈਚਾਰੇ ਤੋਂ ਹੋਣਗੇ।

ਇਹ ਫੈਸਲਾ ਚੀਫ਼ ਜਸਟਿਸ ਡੀਵਾਈ ਚੰਦਰਚੂੜ, ਜਸਟਿਸ ਸੰਜੀਵ ਖੰਨਾ, ਜਸਟਿਸ ਬੀਆਰ ਗਵਈ, ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਅਨਿਰੁਧ ਬੋਸ ਦੇ ਕੌਲਿਜੀਅਮ ਦਾ ਹੈ। ਇਸ ਨਿਯੁਕਤੀ ਤੋਂ ਬਾਅਦ ਸੁਪਰੀਮ ਕੋਰਟ ‘ਚ ਜੱਜਾਂ ਦੀ ਪੂਰੀ ਗਿਣਤੀ 34 ਹੋ ਜਾਵੇਗੀ।ਮੌਜੂਦਾ ਸਮੇਂ ਵਿੱਚ ਸੁਪਰੀਮ ਕੋਰਟ ਵਿੱਚ ਜਸਟਿਸ ਬੀਆਰ ਗਵਈ ਅਤੇ ਜਸਟਿਸ ਸੀਟੀ ਰਵੀਕੁਮਾਰ ਦਲਿਤ ਹਨ। ਜਸਟਿਸ ਗਵਈ ਦੇਸ਼ ਦੇ ਚੀਫ਼ ਜਸਟਿਸ ਵੀ ਬਣਨਗੇ। ਜਸਟਿਸ ਬੀਆਰ ਗਵਈ ਮਈ ਤੋਂ ਨਵੰਬਰ 2025 ਤੱਕ ਚੀਫ਼ ਜਸਟਿਸ ਹੋਣਗੇ।ਜਸਟਿਸ ਵਰੇਲਾ, 61, ਮਹਾਰਾਸ਼ਟਰ ਦੇ ਔਰੰਗਾਬਾਦ ਵਿੱਚ ਡਾਕਟਰ ਬਾਬਾ ਸਾਹਿਬ ਅੰਬੇਡਕਰ ਮਰਾਠਵਾੜਾ ਯੂਨੀਵਰਸਿਟੀ ਤੋਂ ਗ੍ਰੈਜੂਏਟ ਹਨ। ਅਕਤੂਬਰ 2022 ਵਿੱਚ, ਉਸਨੇ ਕਰਨਾਟਕ ਹਾਈ ਕੋਰਟ ਦੇ ਚੀਫ਼ ਜਸਟਿਸ ਵਜੋਂ ਸਹੁੰ ਚੁੱਕੀ ਸੀ।


ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*

SPOUSAL SPONSORSHIP*

STUDY- WORK PERMIT & LMIA*

CIC REFUSAL APPEAL CASES*

PR & CITIZENSHIP APPLICATION*

INDIAN VISA-NAME CHANGE APPLICATION

PCC-OCI-RTI APPLICATIONS

IELTS & ENGLISH SPEAKING

*Services provided by Registered Canadian Immigration Consultant

* Settlement Services For New Immigrants

* Social Insurance Number-Medical Service Plan

*Child Care Benefit Application



Call : 778-869-1097

By Appointment Only

#202-12677-80AVE SURREY



SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711



Harmanpreet Kaur

Punjabi Singer

ਵਿਆਹ ਸ਼ਾਦੀ, ਲੇਡੀਜ਼ ਸੰਗੀਤ ਜਾਗੋ, ਮਾਈਆਂ, ਘੋੜੀਆਂ, ਸੁਹਾਗ, ਪੰਜਾਬੀ ਮੇਲਾ, ਸ਼ੋਅ ਆਦਿ ਦੀ ਬੁਕਿੰਗ ਲਈ ਸੰਪਰਕ ਕਰੋ



Winner of Awaaz Punjabi
Voice of Punjab
India Got Talent
BEST IN PUNJAB FOLK SONGS

Ph:236-881-1276

Email:meriawaaz.music@gmail.com

YouTube harmanpreetofficial

# ਅਯੁੱਧਿਆ ‘ਚ ਮਸਜਿਦ ਬਣਾਉਣ ਬਾਰੇ, ਮੁਸਲਿਮ ਧਿਰ ਨੇ ਕੀਤਾ ਐਲਾਨ

ਨਵੀਂ ਦਿੱਲੀ: ਰਾਮ ਮੰਦਰ ਵਿੱਚ ਰਾਮਲਲਾ ਦੇ ਪ੍ਰਾਣ ਪ੍ਰਤਿਸ਼ਠਾ ਨਾਲ ਪੂਰੀ ਅਯੁੱਧਿਆ ਚਮਕ ਰਹੀ ਹੈ। ਇਸ ਦੌਰਾਨ ਉਥੇ ਬਣਨ ਵਾਲੀ ਮਸਜਿਦ ਨੂੰ ਲੈ ਕੇ ਵੀ ਵੱਡੀ ਜਾਣਕਾਰੀ ਸਾਹਮਣੇ ਆਈ ਹੈ। ਮੀਡੀਆ ਰਿਪੋਰਟਾਂ ਅਨੁਸਾਰ, ਇੰਡੋ-ਇਸਲਾਮਿਕ ਕਲਚਰਲ ਫਾਊਂਡੇਸ਼ਨ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਅਯੁੱਧਿਆ ਵਿਚ ਸ਼ਾਨਦਾਰ ਮਸਜਿਦ ਦਾ ਨਿਰਮਾਣ ਇਸ ਸਾਲ ਮਈ ਤੋਂ ਸ਼ੁਰੂ ਹੋਵੇਗਾ ਅਤੇ ਇਸ ਨੂੰ ਪੂਰਾ ਹੋਣ ਵਿਚ ਤਿੰਨ-ਚਾਰ ਸਾਲ ਲੱਗਣ ਦੀ ਉਮੀਦ ਹੈ।

ਇਹ ਜਾਣਕਾਰੀ ਦਿੰਦਿਆਂ ਮਸਜਿਦ ਪ੍ਰਾਜੈਕਟ ਦੀ ਦੇਖ-ਰੇਖ ਕਰ ਰਹੀ ਇੰਡੋ-ਇਸਲਾਮਿਕ ਕਲਚਰਲ ਫਾਊਂਡੇਸ਼ਨ (ਆਈਆਈਸੀਐਫ) ਦੀ ਵਿਕਾਸ ਕਮੇਟੀ ਦੇ ਮੁਖੀ ਹਾਜੀ ਅਰਾਫਾਤ ਸ਼ੇਖ ਨੇ ਦੱਸਿਆ ਕਿ ਮਸਜਿਦ ਲਈ ਪੈਸਾ ਇਕੱਠਾ ਕਰਨ ਲਈ ਇੱਕ ਫੰਡਿੰਗ ਵੈੱਬਸਾਈਟ ਵੀ ਬਣਾਈ ਜਾਵੇਗੀ।

ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਇਸ ਮਸਜਿਦ ਦਾ ਨਾਂ ਪੈਗੰਬਰ ਮੁਹੰਮਦ ਦੇ ਨਾਂ ‘ਤੇ ‘ਮਸਜਿਦ ਮੁਹੰਮਦ ਬਿਨ ਅਬਦੁੱਲਾ’ ਰੱਖਿਆ ਜਾਵੇਗਾ।ਅਰਾਫਾਤ ਸ਼ੇਖ ਨੇ ਕਿਹਾ, ‘ਸਾਡੀ ਕੋਸ਼ਿਸ਼ ਲੋਕਾਂ ‘ਚ ਦੁਸ਼ਮਣੀ, ਨਫਰਤ ਨੂੰ ਖਤਮ ਕਰਨਾ ਹੈ ਅਤੇ ਇਸ ਨੂੰ ਇਕ-ਦੂਜੇ ਲਈ ਪਿਆਰ ‘ਚ ਬਦਲਣਾ ਹੈ। ਸੁਪਰੀਮ ਕੋਰਟ ਦੇ ਫੈਸਲੇ ਨੂੰ ਸਵੀਕਾਰ ਕਰੋ ਜਾਂ ਨਾ ਕਰੋ।

ਦੱਸ ਦੇਈਏ ਕਿ ਸੁਪਰੀਮ ਕੋਰਟ ਨੇ ਸਾਲ 2019 ‘ਚ ਰਾਮ ਜਨਮ ਭੂਮੀ-ਬਾਬਰੀ ਮਸਜਿਦ ਵਿਵਾਦ ‘ਤੇ ਆਪਣਾ ਫੈਸਲਾ ਸੁਣਾਉਂਦੇ ਹੋਏ ਇਸ ਨੂੰ ਹਿੰਦੂ ਪੱਖ ਨੂੰ ਸੌਂਪਣ ਦਾ ਹੁਕਮ ਦਿੱਤਾ ਸੀ।

ਅਦਾਲਤ ਨੇ ਹੁਕਮ ਦਿੱਤਾ ਸੀ ਕਿ ਵਿਵਾਦਿਤ ਜ਼ਮੀਨ ‘ਤੇ ਮੰਦਰ ਬਣਾਇਆ ਜਾਵੇਗਾ, ਜਦਕਿ ਮੁਸਲਿਮ ਪੱਖ ਨੂੰ ਮਸਜਿਦ ਬਣਾਉਣ ਲਈ ਜ਼ਮੀਨ ਦਾ ਟੁਕੜਾ ਦਿੱਤਾ ਜਾਵੇਗਾ।

# ਕਾਕਾ ਗੁਲਜ਼ਾਰ ਸਿੰਘ ਰਾਏ ਸਵਰਗਵਾਸ

ਸ. ਦਮਨ ਸਿੰਘ ਰਾਏ ਅਤੇ ਬੀਬੀ ਸੁਰਜੀਤ ਕੌਰ ਰਾਏ ਜਿਹਨਾਂ ਦਾ ਪਿਛਲਾ ਪਿੰਡ ਮਲਕ ਤਹਿਸੀਲ ਜਗਰਾਉਂ ਅਤੇ ਹੁਣ ਸਰੀ ਵਿਚ ਰਹਿ ਰਹੇ ਹਨ, ਵੱਲੋਂ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਉਹਨਾਂ ਦਾ ਸਪੁੱਤਰ ਗੁਲਜ਼ਾਰ ਸਿੰਘ ਰਾਏ (Zar Rai) 12 ਸਾਲ ਦੀ ਉਮਰ ਵਿਚ ਹੀ ਥੋੜਾ ਸਮਾਂ ਬਿਮਾਰ ਰਹਿਣ ਪਿੱਛੋਂ ਅਕਾਲ ਚਲਾਣਾ ਕਰ ਗਿਆ ਹੈ।ਉਸ ਦਾ ਅੰਤਮ ਸਸਕਾਰ 28 ਜਨਵਰੀ ਦਿਨ ਐਤਵਾਰ ਦੁਪਹਿਰ 12.30 ਵਜੇ ਰਿਵਰ ਸਾਈਡ ਫਿਊਨਰਲ ਹੋਮ ਹਾਪਕਾਟ ਰੋਡ ਡੈਲਟਾ ਵਿਖੇ ਹੋਵੇਗਾ।ਉਪਰੰਤ ਅੰਤਮ ਅਰਦਾਸ ਖਾਲਸਾ ਐਲੀਮੈਂਟਰੀ ਸਕੂਲ ਦੇ ਗੁਰਦੁਆਰਾ ਸਾਹਿਬ ਵਿਖੇ (ਓਲਡ ਯੇਲ ਰੋਡ 124 ਸਟਰੀਟ) ਦੁਪਹਿਰ 2 ਤੋਂ 3.30 ਵਜੇ ਤੱਕ ਹੋਵੇਗੀ।

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ ਕਰ ਸਕਦੇ ਹੋ:

ਹਰਪਾਲ ਸਿੰਘ ਰਾਏ ਬਾਬਾ(ਤਾਇਆ):604-780-0330

ਬਲਰਾਜ ਸਿੰਘ ਰਾਏ (ਰਾਜਾ) ਬਾਬਾ:604-773-9605

GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ

ਭੁਪਿੰਦਰ ਸਿੰਘ ਗਿੱਲ:604-897-5750

ਮਨ ਮਨੁੱਖ ਦੀ ਕੁੰਜੀ ਹੈ
Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases

"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿਚੱ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

TMG LOGISTICS INC.
Need Owner Operators
NOW HIRING
*Vancouver to California *California to Alberta Back Vancouver
*Vancouver to East USA Return
Good Paying Loads

Need Company Drivers
Single Driver Pay 52cents/mile
Team Drivers 32 cents/mile
FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# ਰਾਮ ਮੰਦਰ ਜਾਂ ਬਾਬਰੀ ਮਸਜ਼ਿਦ, ਰਾਜਨੀਤਕ ਜਿੱਤ ਪਰ ਮਨੁੱਖਤਾ ਦੀ ਹਾਰ

ਰਾਮ ਮੰਦਰ ਬਨਣ ਦੀ ਤਿਆਰੀ ਚੱਲ ਰਹੀ ਹੈ। 22 ਜਨਵਰੀ 2024 ਨੂੰ ਇਸ ਦੇ ਉਦਘਾਟਨ ਨੂੰ ਕਾਹਲੀ ਪਈ ਭਾਰਤੀ ਜਨਤਾ ਪਾਰਟੀ ਤੀਸਰੀ ਵਾਰ ਪਾਰਲੀਮੈਂਟ ਵਿੱਚ ਪਹੁੰਚਣ ਲਈ, ਕੋਈ ਜ਼ੋਖਮ ਨਾ ਲੈ ਕੇ ਇਸ ਉਦਘਾਟਨ ਵਿੱਚੋ ਆਪਣੀ ਜਿੱਤ ਦਾ ਅਕਸ ਵੇਖ ਰਹੀ ਹੈ। ਇਹ ਅਜਿਹੇ ਧਾਰਮਿਕ ਕੰਮਾਂ ਵਿੱਚ ਅਕਸਰ ਧਰਮ ਨਾਲ ਸਬੰਧਿਤ ਪੁਜਾਰੀ, ਮੁੱਖੀ ਜਾਂ ਅਚਾਰੀਆ ਦੁਆਰਾ ਹੀ ਰਸਮਾਂ ਕੀਤੀਆ ਜਾਦੀਆਂ ਹਨ ਪਰ ਭਾਰਤੀ ਜਨਤਾ ਪਾਰਟੀ ਨੇ ਹਰ ਉਸ ਧਾਮ, ਮੰਦਰਾਂ ਦੀਆ ਟਰੱਸਟਾਂ ਬਣਾ ਦਿੱਤੀਆਂ ਗਈਆਂ ਹਨ। ਜਿਥੇ ਚੜਾਵਾ ਬਹੁਤ ਜਿਆਦਾ ਹੁੰਦਾ ਹੈ ਅਤੇ ਲੋਕਾਂ ਦੀ ਆਸਥਾ ਦੇ ਮੁੱਖ ਕੇਂਦਰ ਹਨ। ਜਿੰਨਾਂ ਤੇ ਆਉਣ ਵਾਲੀ ਸੰਭਾਵਿਤ ਕਾਰਜ, ਪਾਰਟੀ ਦੀ ਰੂਹ-ਰਵਾਂ ਬਨਣਗੇ ਅਤੇ ਮੁੱਢੀ ਪਾਏ ਪਾਣੀ ਦਾ ਕੰਮ ਕਰਨਗੇ। ਭਾਵੇ ਕਿ ਹਿੰਦੂ ਧਰਮ ਦੇ ਚਾਰੇ ਅਚਾਰੀਆਂ ਨੇ ਇਹਨਾਂ ਦਾ ਬਾਈਕਾਟ ਕਰ ਦਿੱਤਾ ਹੈ। ਉਹ ਇਹ ਕਹਿਦੇ ਹੋਏ ਵਿਰੋਧ ਜਿਤਾ ਰਹੇ ਹਨ ਕਿ ਧਰਮ ਜਾਂ ਮੰਦਰ ਕਿਸੇ ਇਕ ਪਾਰਟੀ ਜਾਂ ਆਰਐਸਐਸ ਵਰਗੀ ਸੰਸਥਾ ਦਾ ਨਹੀ ਹੋ ਸਕਦਾ। ਜੋ ਸਿਆਸੀ ਮੁਫਾਜ਼ ਨੂੰ ਪੂਰਾ ਕਰਦੇ ਹੋਣ। ਇਸ ਲਈ ਰਾਜਨੀਤਕ ਲੋਕਾਂ ਨੂੰ ਪਰਾਂ ਹੱਟ ਜਾਣਾ ਚਾਹਿਦਾ ਹੈ। ਇਸ ਨਾਲ ਰਾਜਨੀਤਕ ਵਿਰੋਧੀ ਪਾਰਟੀਆਂ ਨੇ ਵੀ ਸ਼ਾਮਲ ਨਾ ਹੋਣ ਦਾ ਐਲਾਨ ਕਰ ਦਿੱਤਾ ਹੈ।

ਰਾਮ ਮੰਦਰ ਦਾ ਉਦਘਾਟਨ ਭਾਰਤੀ ਰਾਜਨੀਤੀ ਵਿੱਚ ਇਕ ਨਵੇ ਮੋੜ ਵਜੋਂ ਦਰਜ਼ ਹੋਵੇਗਾ। ਮੰਦਰ ਦੀ ਅਧੂਰੀ ਚਲ ਰਹੀ ਉਸਾਰੀ ਵਿੱਚ ਜਲਦੀ ਨਾਲ ਕੀਤਾ ਜਾ ਰਿਹਾ ਉਦਘਾਟਨ ਇਸ ਗੱਲ ਦਾ ਸਬੂਤ ਹੈ ਕਿ 2024 ਦੀਆਂ ਇਲੈਕਸ਼ਨਾਂ ਕਿੰਨੀਆ ਮਹੱਤਵ ਪੂਰਨ ਹਨ। ਜਿਸ ਵਿੱਚ ਆਉਣ ਵਾਲੇ ਸਮੇ ਵਿੱਚ ਬਹੁਤ ਕੁਝ ਕੇਂਦਰਤ ਕੀਤੇ ਜਾਣ ਦੇ ਕਾਨੂੰਨ ਬਨਣ ਅਤੇ ਦਬਾਆ ਵਧਾ ਕੇ ਘੱਟ ਗਿਣਤੀਆਂ ਦੀ ਪੂਰੀ ਦੀ ਪੂਰੀ ਰਾਜਨੀਤਕ ਅਤੇ ਧਾਰਮਿਕ ਅਜ਼ਾਦੀ ਨੂੰ ਦਬਾਉਣ ਦੇ ਯਤਨ ਹੋ ਸਕਣਗੇ। ਕੱਟੜ ਹਿੰਦੂਵਾਦੀ ਰਾਜਨੀਤੀ ਤੇ ਪੂਰੀ ਪਕੜ ਨਾਲ ਅੱਗੇ ਵਧ ਰਹੀ ਬੀਜੇਪੀ ਆਪਣੇ ਚਾਹੇ ਜਾਂ ਅਣਚਾਹੇ ਹਮ ਖਿਆਲੀ ਜਮਾਤਾਂ ਨੂੰ ਨਾਲ ਲੈਣ ਦਾ ਦਾਆਵਾ ਪੇਸ਼ ਕਰ ਰਹੀ ਹੈ। ਕਿ ਭਾਰਤ ਰਾਸ਼ਟਰ ਇਕ ਸੋਚ, ਇਕ ਵੋਟ ਨਾਲ ਹੀ ਅੱਗੇ ਵੱਧ ਸਕਦਾ ਹੈ! ਇਸ ਦੇ ਉਦਘਾਟਨ ਵਿੱਚ ਚੋਣਵੇ ਲੋਕਾਂ ਨੂੰ ਸੱਦੇ ਪੱਤਰ ਦਿੱਤੇ ਜਾ ਰਹੇ ਹਨ। ਜਿਥੇ ਮੁਸਲਮਾਨਾਂ ਅਤੇ ਇਸਾਈਆਂ ਨੂੰ ਇਸ ਤੋ ਦੂਰ ਰੱਖਿਆ ਜਾ ਰਿਹਾ ਹੈ ਉਥੇ ਸਿੱਖਾਂ, ਬੋਧੀ, ਜੈਨੀਆਂ, ਲੰਗਾਇਤ ਸਮੇਤ ਹੋਰ ਧਰਮਾਂ ਨੂੰ ਸਨਾਤਨੀ ਵਰਗ ਦੀਆਂ ਸ਼ਾਖਾਵਾਂ ਮੰਨ ਕੇ ਅਧਿਕਾਰਤ ਸੱਦੇ ਪੱਤਰ ਦਿੱਤੇ ਜਾ ਰਹੇ ਹਨ। ਸਿੱਖਾਂ ਦੀ ਆਪਣੀ ਹੋਂਦ ਲਈ ਖਤਰਾ ਬਣੀ ਆਰਐਸਐਸ ਗਰੂਪ ਹਰ ਹਰਬਾਂ ਵਰਤ ਕੇ ਸਿੱਖਾਂ ਨੂੰ ਹਿੰਦੂ ਸਾਬਤ ਕਰਨ ਲਈ ਹੀਲੇ ਵਸੀਲੇ ਵਰਤ ਰਹੀ ਹੈ। ਸਿੱਖਾਂ ਵਿੱਚ ਇਸ ਵਿੱਚ ਸ਼ਾਮਲ ਹੋਣ ਨਾਲੋ, ਵੱਧ ਨਾ ਸ਼ਾਮਲ ਹੋਣ ਲਈ ਚਰਚਾਵਾਂ ਚਲ ਰਹੀਆਂ ਹਨ। ਸਿੱਖ ਚਿੰਤਕ, ਪਾਰਟੀਆਂ, ਜਥੈਬੰਦੀਆਂ ਵੱਲੋਂ ਆਪਣੇ ਵੱਲੋ ਸ਼ਾਮਲ ਨਾ ਹੋ ਕੇ, ਨਾਲ ਨਾਲ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੈਦਾਰ, ਪ੍ਰਧਾਨ ਸ਼੍ਰੋਮਣੀ ਕਮੇਟੀ ਅਮ੍ਰਿਤਸਰ ਸਮੇਤ ਹੋਰ ਆਗੂਆਂ ਤੇ ਇਸ ਗੱਲ ਦਾ ਦਬਾਆ ਬਣਾਇਆ ਜਾ ਰਿਹਾ ਹੈ ਕਿ ਇਹ ਰਾਮ ਮੰਦਰ ਨਾ ਹੋ ਕੇ ਇਕ ਪਾਰਟੀ ਦੀ ਰਾਜਨੀਤਕ ਤਾਕਤ ਦਾ ਮੁਜਾਹਰਾ ਹੈ। ਸੋ ਇਸ ਵਿੱਚ ਸ਼ਾਮਲ ਹੋਣਾ ਬੀਜੇਪੀ, ਆਰਐਸਐਸ ਦੇ ਹਿੰਦੂ ਰਾਸ਼ਟਰ ਬਨਣ ਵਿੱਚ ਆਪਣੀ ਹੋਂਦ ਨੂੰ ਖਤਮ ਕਰਨ ਦਾ ਰਾਹ ਖੋਹਲਣਾ ਹੈ। ਕੇਦਰੀ ਸਿੰਘ ਸਭਾ ਨੇ ਬਹੁਤ ਸਖਤ ਰੂਖ ਨਾਲ ਸੱਭ ਸਿੱਖਾਂ ਨੂੰ ਸ਼ਾਮਲ ਨਾ ਹੋਣ ਚਿਤਾਵਨੀ ਦਿੱਤੀ ਹੈ। ਪਰ ਦੂਜੇ ਪਾਸੇ ਸ਼੍ਰੀ ਆਕਾਲ ਤਖਤ ਸਾਹਿਬ ਦੇ ਜਥੈਦਾਰ ਵੱਲੋਂ ਸਿੱਖ ਕੌਮ ਦੀ ਅਗਵਾਈ ਹੁੰਦੀ ਨਜ਼ਰ ਨਹੀ ਆ ਰਹੀ ! ਜਥੈਦਾਰ ਸ਼੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀਆਂ ਅਮ੍ਰਿਤਸਰ, ਦਿੱਲੀ, ਹਰਿਆਣਾ ਆਪਣੇ ਦੰਦਾਂ ਤੋ ਦੰਦ ਨਹੀ ਚੁੱਕ ਰਹੇ। ਵੱਖਰੀ, ਨਿਰਾਲੀ ਹੋਂਦ ਦੀ ਮਾਲਕ ਸਿੱਖ ਕੌਮ ਨਿਕੱਮੀ ਲੀਡਰਸ਼ਿੱਪ ਦੇ ਬੀਜ਼ੇ ਕੰਢਿਆਂ ਤੇ ਮਜਬੂਰ ਹੋਈ ਪਈ ਹੈ। ਅਕਾਲੀ ਦਲ ਬਾਦਲ ਦੀ ਹਾਲਤ ਪਹਾੜੀ ਤੇ ਵਿਛੜੇ ਲੇਲੈ ਵਰਗੀ ਹੋ ਗਈ ਹੈ। ਭਾਰਤ ਦੀ ਅਜੋਕੀ ਬਣਤਰ ਵਿੱਚ ਰਾਜਨੀਤੀ ਦੁਆਰਾ ਪੈਦਾ ਕੀਤੇ ਡਰ, ਖਲਾਅ ਨੇ ਹੋਰ ਸਰੱਹਦਾਂ ਬਣਾਉਣ ਦਾ ਸਬੱਬ ਪੈਦਾ ਕਰਨ ਦੇ ਤੋਖਲੇ ਵਧਾਏ ਹਨ। ਹਿੰਦੂ ਧਰਮ ਕਿਸੇ ਵੇਲੇ ਬਹੁਤ ਉਦਾਰਵਾਦੀ ਮੰਨਿਆ ਜਾਦਾ ਸੀ। ਪਰ ਅੱਜ ਜਦੋ ਕੋਈ ਧਰਮ, ਵਰਗ ਦੂਜਿਆਂ ਉਪਰ ਆਪਣੀ ਧੌਂਸ ਜਮਾਉਣ ਲਈ ਜ਼ਬਰ, ਜੂਲਮ ਕਰਦਾ ਹੈ ਤਾਂ ਇਤਿਹਾਸ ਵਿੱਚ ਬੀਤੇ ਸਮੇ ਵਿੱਚ ਰਾਜ ਕਰ ਚੁੱਕੇ ਅੱਤਿਆਚਾਰੀ ਬਾਦਸ਼ਾਹੀਆਂ ਨਾਲੋ ਵੱਧ ਕਿਵੇ ਉਦਾਰਵਾਦੀ ਹੋ ਸਕਦਾ ਹੈ ?

ਸਦੀਆਂ ਵਿੱਚ ਧਰਮਾਂ ਨੇ ਆਪਣੇ ਪਸਾਰ ਲਈ ਜੰਗਾਂ ਲੜੀਆਂ ਜੋ ਨਿਰੋਲ ਧਾਰਮਿਕ ਸਨ। ਪਰ ਅੱਜ ਇਹ ਰਾਜਨੀਤਕ ਤਾਕਤ, ਮੰਨੂਵਾਦੀ ਗ੍ਰੰਥਾਂ ਦੇ ਸਿਧਾਤਾਂ ਨੂੰ ਲਾਗੂ ਕਰਨ ਦੇ ਯਤਨਾਂ ਵਿੱਚ ਹਨ। ਫਿਰ ਇਹ ਉਦਾਰਵਾਦੀ ਨਾ ਹੋ ਕੇ ਉਲਾਰਵਾਦੀ ਹੁੰਦਾ ਪ੍ਰਤੀਤ ਹੁੰਦਾ ਹੈ ਜਿਸ ਵਿੱਚ ਹਰ ਘੱਟਗਿਣਤੀ ਧਰਮ ਅਤੇ ਵਰਗ ਪਿਸੀਆ ਜਾ ਰਿਹਾ ਹੈ। ਡੇਰਾ ਸੱਚਾ ਸੋਦਾ ਦੇ ਬਲਾਤਕਾਰੀ ਸਾਧ ਅਤੇ ਕਤਲਾਂ ਦੇ ਦੋਸ਼ੀ ਰਾਮ ਰਹੀਮ ਨੂੰ ਲਗਾਤਾਰ ਪੈਰੋਲ ਮਿਲਣੀ ਭਾਰਤੀ ਨਿਆ ਪ੍ਰਣਾਲ਼ੀ ਦਾ ਚੁੱਪ ਰਹਿਣਾ ਸਵਿਧਾਨ ਦੇ ਬਣੇ ਕਾਨੂੰਨਾਂ ਨਾਲ ਕੋਝਾ ਮਜਾਕ ਹੈ। ਸਮੇ ਤੋ ਪਹਿਲਾਂ ਬਿਲਕੀਸ ਬਾਨੋ ਦੇ ਕੇਸ ਵਿੱਚ 11 ਬਲਾਤਕਾਰੀਆਂ ਨੂੰ ਗੁਜਰਾਤ ਸਰਕਾਰ ਵੱਲੋ 15 ਅਗਸਤ ਤੇ ਰਿਹਾਈ ਕਰਨਾ ਘੱਟ ਗਿਣਤੀਆਂ ਵਿੱਚੋ ਇੰਨਸਾਫ ਮੰਗਣ ਦੇ ਵਿਸ਼ਵਾਸ ਨੂੰ ਖਤਮ ਕਰਨ ਬਰਾਬਰ ਹੈ। ਦੇਸ਼ ਵਿੱਚ ਇਕ ਇਲੈਕਸ਼ਨ ਇਕ ਵੋਟ ਤੇ ਕਮੇਟੀਆਂ ਬਣ ਰਹੀਆਂ ਹਨ। ਜਿਸ ਦਾ ਮਕਸਦ ਵੀ ਸਾਰੀ ਰਾਜਨੀਤਕ ਤਾਕਤ ਕੇਂਦਰਤ ਕਰਨਾ ਹੈ ਜਿਸ ਨਾਲ ਰਾਜਨੀਤਕ ਵਿਰੋਧੀ ਧਿਰ ਅਤੇ ਧਰਮਾਂ, ਸੱਭਿਆਚਾਰ ਨੂੰ ਇਕ ਕਰਨ ਦੀ ਚਾਲ ਹੈ।

ਬੋਲਣ ਦਾ ਵਕਤ ਹੈ। ਸਰਬੱਤ ਦੇ ਭਲੇ ਲਈ, ਮਨੁੱਖਤਾ ਦੇ ਹਿੱਤਾਂ ਪ੍ਰਤੀ ਜਾਗਰੂਕ, ਚਿੰਤਨ ਹੋਣਾ ਸਮੇ ਦੀ ਮੰਗ ਹੈ।

" ਲਮਹੋਂ ਨੇ ਖਤਾ ਕੀ ਔਰ ਸਦੀਉ ਨੇ ਸਜ਼ਾ ਪਾਈ "

ਗੀਤਾ ਹਰੀਹਰਨ ਆਪਣੇ ਨਾਵਲ " ਇਨ ਟਾਇਮਜ਼ ਆਫ ਸੀਜ " ਵਿੱਚ ਜਰਮਨ ਪਾਦਰੀ ਮਾਰਟਿਨ ਨੀਮੋਲਰ ਬਾਰੇ ਜਿਸ ਉਪਰ ਨਾਜ਼ੀਆਂ ਨੇ ਬਹੁਤ ਜ਼ੁਲਮ ਢਾਹੇ, ਬਾਰੇ ਲਿਖਦੀ ਹੈ; ਕਿ ਜਰਮਨ ਵਿੱਚ ਪਹਿਲਾਂ ਉਹ ਕਿਉਮਨਿਸਟਾਂ ਲਈ ਆਏ। ਮੈ ਨਹੀ ਬੋਲਿਆਂ ਕਿਉਕਿ ਮੈ ਕਿਉਮਨਿਸਟ ਨਹੀ ਸੀ। ਫਿਰ ਉਹ ਯਹੂਦੀਆਂ ਲਈ ਆਏ। ਮੈ ਨਹੀ ਬੋਲਿਆ ਕਿਉਕਿ ਮੈ ਯਹੂਦੀ ਨਹੀ ਸੀ।

ਫਿਰ ਉਹ ਮਜ਼ਦੂਰ ਸੰਘ ਦੇ ਲੋਕਾਂ ਲਈ ਆਏ। ਮੈ ਨਹੀ ਬੋਲਿਆ ਕਿਉਕਿ ਮੈ ਮਜ਼ਦੂਰ ਸੰਘੀ ਨਹੀ ਸੀ।

ਫਿਰ ਉਹ ਕੈਥੋਲਿਕ ਲੋਕਾਂ ਲਈ ਆਏ। ਮੈ ਨਹੀ ਬੋਲਿਆ ਕਿਉਕਿ ਮੈ ਪ੍ਰੈਸਟੈਂਟ ਸੀ।

ਫਿਰ ਉਹ ਮੇਰੇ ਲਈ ਆਏ। ਪਰ ਉਦੋ ਤੱਕ ਕੋਈ ਨਹੀ ਸੀ ਜੋ ਮੇਰੇ ਲਈ ਬੋਲਦਾ।

ਸੋ ਗੁਰੂ ਪਾਤਿਸ਼ਾਹ ਨੇ ਵੀ ਨਫਰਤੀ ਸੋਚ ਦਾ ਵਿਰੋਧ ਕੀਤਾ। ਬਾਬਰ ਨੂੰ ਜ਼ਾਬਰ ਕਿਹਾ। ਦਸਾਂ ਪਾਤਿਸ਼ਾਹੀਆਂ ਤੱਕ ਜ਼ੁਲਮ ਨੂੰ ਵੰਗਾਰਿਆਂ ਗਿਆ। ਕਦੇ ਮੰਦਿਰ ਢੱਠਿਆ ਤਾਂ ਮਸਜਿਦ ਬਣੀ, ਕਦੇ ਮਸਜਿਦ ਢੱਠੀ ਤੇ ਮੰਦਿਰ ਬਣਿਆਂ। ਦੋਵੇ ਹਾਲਤਾਂ ਵਿੱਚ ਰਾਜਨੀਤੀ ਦਾ ਅਡੰਬਰ ਜਿੱਤਿਆ ਅਤੇ ਮਨੁੱਖਤਾ ਹਾਰੀ।

ਸਿਆਸਤ ਨੂੰ ਲੋਕਾਂ ਦੇ ਧਾਰਮਿਕ ਜ਼ਜਬਾਤਾਂ ਨਾਲ ਨਹੀ ਖੇਡਣਾ ਚਾਹਿਦਾ। ਜਿਸ ਵਿੱਚ ਲੋਕਾਂ ਦੀ ਆਹੂਤੀ ਲੱਗੇ ਅਤੇ ਧਾਰਮਿਕ ਆਸਥਾ ਟੁੱਟੇ।



**ਸ. ਦਲਵਿੰਦਰ ਸਿੰਘ ਘੁੰਮਣ**
**+33630073111**

# ਕਹੁ ਰਾਮ

ਸਭ ਸੰਸਾਰ ਰਾਮ ਦੀ ਅੰਸ ਹੈ। ਬਾਬਾ ਜੀ ਅਪਣੇ ਕਹਿੰਦੇ
ਰਾਮ ਬਿਨਾ ਕੋ ਬੋਲੇ ਰੇ।

ਜਦ ਹੈ ਹੀ ਹਰ ਪਾਸੇ ਰਾਮ ਫਿਰ ਮੇਰਾ ਬੋਲਣਾ ਉਸ ਤੋਂ ਅਲਹਿਦਾ ਕਿਵੇਂ ਹੋਇਆ, ਮੈਂ ਰਾਮ ਤੋਂ ਬਿਨਾ ਵਖ ਕਿਵੇਂ, ਵਖ ਹੋ ਹੀ ਨਹੀ ਸਕਦਾ, ਪਰ ਕਿਹੜਾ ਰਾਮ?

ਭਗਤ ਨਾਮਦੇਵ ਜੀ ਦੀ ਮਾਂ ਕਹਿੰਦੇ ਵੇ ਪੁਤ ਕੀ ਫਰਕ ਪੈਂਦਾ ਖੁਦਾ ਕਹਿ ਦੇਹ ਓਹ ਵੀ ਤਾਂ ਰਬ ਦਾ ਹੀ ਨਾਮ ਹੈ। ਭਗਤ ਜੀ ਕਹਿੰਦੇ ਮਾਂ ਗਲ ਇਥੇ ਰਾਮ ਜਾਂ ਖੁਦਾ ਦੀ ਹੈ ਹੀ ਨਹੀ ਗਲ ਤਾਂ ਥੋਪੀ ਜਾ ਰਹੀ ਗਲ ਦੀ ਹੈ ਅਤੇ ਥੋਪਿਆ ਜਾ ਰਹਿਆ ਚਾਹੇ ਰਾਮ ਹੋਵੇ ਚਾਹੇ ਖੁਦਾ ਮੈਨੂੰ ਮਨਜੂਰ ਨਹੀ।

ਅਜ ਅਯੁੱਧਿਆ ਵਿਚ ਰਾਮ ਥੋਪਿਆ ਗਿਆ ਹੈ ਕਿਓਕਿ ਭ੍ਰਿਸ਼ਟ, ਖੂਨੀ ਅਤੇ ਜਰਵਾਣੇ ਦੇ ਹਥ ਚਾਹੇ ਰਬ ਦਾ ਨਾਮ ਵੀ ਆ ਜਾਏ ਓਹ ਉਸ ਨੂੰ ਵੀ ਲੋਕਾਂ ਦੇ ਸਿਰ ਵਢਣ ਵਾਲਾ ਕੁਹਾੜਾ ਬਣਾ ਧਰੇਗਾ ਅਤੇ ਇਸ ਦੇ ਵਿਸਥਾਰ ਵਿਚ ਜਾਣ ਦੀ ਲੋੜ ਹੈ ਕਿ ਕਿਵੇਂ ਰਾਮ ਦਾ ਨਾਮ ਕੁਹਾੜੇ ਤਰਾਂ ਵਰਤਿਆ ਗਿਆ ਹੈ ਲਗਾਤਾਰ ਵਰਤਿਆ ਜਾ ਰਿਹਾ ਹੈ।

ਹਾਲੇ ਕਲ ਹੀ ਮੇਰਾ ਮਿਤਰ ਇਸ ਗਲੇ ਜਿਦੇ ਪੈ ਗਿਆ ਕਿ ਓਨੀ ਵੀ ਤਾਂ ਮੰਦਰ ਢਾਹ ਕੇ ਮਸਜਿਦ ਖੜੀ ਕੀਤੀ ਸੀ। ਮੈਂ ਕਿਹਾ ਇਹ ਵਡਾ ਰੋਲ ਘਚੋਲਾ ਹੈ ਲੰਮੀ ਬਹਿਸ ਜਾ ਵਿਸ਼ਾ ਕਿ ਓਥੇ ਕੀ ਸੀ ਕੀ ਨਹੀ ਪਰ ਇਸ ਗਲ ਨੂੰ ਪਾਸੇ ਵੀ ਕਰੀਏ ਤਾਂ ਓਨਾ ਨੂੰ ਇਤਿਹਾਸ ਜਰਵਾਣੇ ਵੀ ਤਾਂ ਕਹਿੰਦਾ ਪਰ ਇਧਰ ਤਾਂ ਵਿਸ਼ਨੂੰ ਦਾ ਪੰਜੀਵਾਂ ਅਵਤਾਰ ਤਕ ਘੋਸ਼ਿਤ ਕਰਨ ਨੂੰ ਫਿਰਦੇ ਨੇ।

ਇਹ ਰਾਜਨੀਤਕ ਅਖਾੜਾ ਲਾਇਆ ਗਿਆ ਸੀ, ਭਖਾਇਆ ਗਿਆ, ਲਗਾਤਾਰ ਹਵਾ ਕੀਤੀ ਗਈ,ਅਤੇ ਇਸ ਅਖਾੜੇ ਵਿਚਲੀ ਅਗ ਅਗਲੇ ਪੰਜ ਸਾਲ ਸਤਾ ਉਪਰ ਹਥ ਸੇਕਣ ਲਈ ਬਾਲੀ ਗਈ ਅਤੇ ਇਹ ਸਪਸ਼ਟ ਹੈ।

ਪਗਾਂ ਵਿਚ ਸਿਰਾਂ ਵਾਲੇ ਵਧਾਈਆਂ ਵਾਲੇ ਜਾਂ ਓਥੇ ਜਾ ਜਾ ਅਪਣੇ ਹੋਸ਼ੇਪਨ ਦਾ ਵਿਖਾਵਾ ਕਰਨ ਵਾਲੇ ਉਸ ਜੜ ਨਾਲੋਂ ਮਿਟੀ ਛਡ ਚੁਕੇ ਹੋਏ ਨੇ ਜੀਹਨਾ ਦੇ ਬਜੁਰਗਾਂ ਸਮਝੌਤੇ ਦੇ ਤਹਿਤ ਤਾਂ ਬਾਦਸ਼ਾਹੀਆਂ ਤਕ ਨੂੰ ਲਤ ਮਾਰ ਦਿਤੀ ਅਤੇ ਗੁਰਬਾਣੀ ਵਿਚਲੇ ਭਗਤ ਸਾਹਿਬਾਨਾ ਓਸ ਰਬ ਤਕ ਦਾ ਨਾਂ ਨਹੀ ਲਿਆ ਜਿਹੜਾ ਥੋਪਿਆ ਜਾ ਰਿਹਾ ਸੀ ਯਾਣੀ ਧਕੇ ਨਾਲ ਕਹਾਇਆ ਜਾ ਰਿਹਾ ਸੀ।



**ਗੁਰਦੇਵ ਸਿੰਘ ਸੱਧੇਵਾਲੀਆ**

ਸਭ ਤੋਂ ਅਹਿਮ ਗਲ ਕਿ ਇਹ ਅਗ ਤੁਹਾਡੇ ਵਿਹੜੇ ਵੀ ਧੁਖਾਈ ਜਾਵੇਗੀ ਪਰ ਉਸ ਸਮੇ ਓਥੇ ਬੁੜਕਦੇ ਫਿਰਨ ਜਾਂ ਵਧਾਈਆਂ ਵਾਲਿਆਂ ਤਾਂ ਕਬਰੀਂ ਜਾ ਸੁਤੇ ਹੋਣਾ ਪਰ ਭੁਗਤਣਾ ਤੁਹਾਡੀਆਂ ਨਸਲਾਂ ਨੂੰ ਪੈਣਾ ਜਾਂ ਮੁਸਲਮਾਨਾ ਤਰਾਂ ਸਿਰ ਹੇਠਾਂ ਕਰ ਦਰਬਾਰ ਸਾਹਿਬ ਵੀ ਰਾਮ ਲਲਾ ਦੇ ਗੁਣ ਗਾ ਰਹੇ ਹੋਣਾ ਅਤੇ ਓਹ ਦਿਨ ਦੂਰ ਨਹੀ।

ਗੁਆਢੀਂ ਦੀ ਅਗ ਉਪਰ ਹਥ ਸੇਕਣ ਵਾਲੇ ਕਦੇ ਸਿਆਣੇ ਅਤੇ ਦਾਨੇ ਨਹੀ ਜਾਣੇ ਜਾਂਦੇ। ਕਿ ਜਾਂਦੇ?

# ਅੰਦੋਲਨ ਚਲਾਉਣ ਵਾਲੇ ਅਡਵਾਨੀ ਨਹੀਂ ਪੁੱਜੇ



ਨਵੀਂ ਦਿੱਲੀ : ਅਯੁੱਧਿਆ ’ਚ ਰਾਮ ਮੰਦਰ ਲਈ ਦੇਸ਼ ਭਰ ’ਚ ਪ੍ਰਚਾਰ ਕਰਨ ਵਾਲੇ ਭਾਜਪਾ ਦੇ ਸੀਨੀਅਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਪ੍ਰਾਣ ਪ੍ਰਤਿਸ਼ਠਾ ਸਮਾਰੋਹ ’ਚ ਸ਼ਾਮਲ ਨਹੀਂ ਹੋਏ। ਦੱਸਿਆ ਜਾ ਰਿਹਾ ਹੈ ਕਿ ਇਹ ਫੈਸਲਾ 96 ਸਾਲਾ ਅਡਵਾਨੀ ਦੀ ਸਿਹਤ ਅਤੇ ਅੱਤ ਦੀ ਠੰਢ ਕਾਰਨ ਕੀਤਾ ਗਿਆ। ਇਸ ਮਹੀਨੇ ਦੇ ਸ਼ੁਰੂ ’ਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਅੰਤਰਰਾਸ਼ਟਰੀ ਕਾਰਜਕਾਰੀ ਪ੍ਰਧਾਨ ਆਲੋਕ ਕੁਮਾਰ ਦੇ ਨਾਲ ਆਰ ਐੱਸ ਐੱਸ ਦੇ ਨੇਤਾ ਕ੍ਰਿਸ਼ਨ ਗੋਪਾਲ ਤੇ ਰਾਮ ਲਾਲ ਨੇ ਅਡਵਾਨੀ ਦੇ ਘਰ ਜਾ ਕੇ ਉਨ੍ਹਾ ਨੂੰ ਪ੍ਰਾਣ ਪ੍ਰਤਿਸ਼ਠਾ ਸਮਾਰੋਹ ਲਈ ਸੱਦਾ ਦਿੱਤਾ ਸੀ। ਆਲੋਕ ਕੁਮਾਰ ਨੇ ਕਿਹਾ ਸੀ ਕਿ ਅਡਵਾਨੀ ਇਸ ਪ੍ਰੋਗਰਾਮ ’ਚ ਸ਼ਾਮਲ ਹੋਣਗੇ। ਖਰਾਬ ਮੌਸਮ ਕਾਰਨ ਅਡਵਾਨੀ ਨੇ ਆਖਰੀ ਸਮੇਂ ’ਤੇ ਆਪਣਾ ਅਯੁੱਧਿਆ ਦੌਰਾ ਪ੍ਰੋਗਰਾਮ ਰੱਦ ਕਰ ਦਿੱਤਾ।

FARM MORTGAGE SPECIALIST
Please Call:
SARBJIT DUBB, AMP
Mortgage Consultant
604-780-4497
Verico A.K. Mortgage Plus Inc.
AK Mortgage Plus
Professional Mortgage Consultants
5 YEAR FIXED
5.29 %*
QUICK & EASY APPROVALS

A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca
*Rates are subject to change. O.A.C. Some Conditions Apply. VERICO A.K. MORTGAGE PLUS INC

# ਜਾਨ ਲੇਵਾ ਸਰਦੀ ‘ਚ ਟੁੱਟੇ ਸ਼ੀਸ਼ੇ ਵਾਲੀਆਂ ਬੱਸਾਂ ‘ਚ ਰਾਤਾਂ ਗੁਜ਼ਾਰਨ ਵਾਲੇ ਬਜ਼ੁਰਗ ਨੂੰ ਮਿਲੀ ਨਵੀਂ ਜ਼ਿੰਦਗੀ



ਬਿਮਾਰ ਬਜ਼ੁਰਗ ਨੂੰ ਬੱਸ ‘ਚੋਂ ਕੱਢ ਰਹੇ ਡਾ. ਨੌਰੰਗ ਸਿੰਘ ਮਾਂਗਟ ਤੇ ਸੇਵਾਦਾਰ

15-16 ਜਨਵਰੀ 2024 ਦੀ ਰਾਤ ਦੌਰਾਨ ਜਦੋਂ ਸਾਰਾ ਪੰਜਾਬ ਜ਼ੀਰੋ ਡਿਗਰੀ ਤਾਪਮਾਨ ਹੋਣ ਕਾਰਨ ਕੜਾਕੇ ਦੀ ਸਰਦੀ ਨਾਲ ਕੰਬ ਰਿਹਾ ਸੀ, ਉਸ ਸਮੇਂ ਸਰਾਭਾ ਆਸ਼ਰਮ ਦੇ ਮੁੱਖ ਸੇਵਾਦਾਰ ਅਤੇ ਹੋਰ ਸੇਵਾਦਾਰਾਂ ਵੱਲੋਂ ਲੁਧਿਆਣਾ ਸ਼ਹਿਰ ਦੇ ਜਵਾਹਰ ਨਗਰ ਵਿੱਚ ਖੜ੍ਹੀਆਂ ਪੁਰਾਣੀਆਂ ਬੱਸਾਂ ‘ਚ ਸੌਂਦੇ 71 ਸਾਲਾ ਰਮੇਸ਼ ਕੁਮਾਰ ਨੂੰ ਸਹਾਇਤਾ ਪ੍ਰਦਾਨ ਕਰਕੇ ਨਵਾਂ ਜੀਵਨ ਦਿੱਤਾ।

15 ਜਨਵਰੀ ਦੀ ਰਾਤ ਨੂੰ ਜਵਾਹਰ ਨਗਰ ਤੋਂ ਇੱਕ ਸ਼ੁਭਮ ਨਾਮ ਦੇ ਵਿਅਕਤੀ ਨੇ ਸਰਾਭਾ ਆਸ਼ਰਮ ਵਿੱਚ ਫੋਨ ਕਰਕੇ ਦੱਸਿਆ ਕਿ ਇੱਥੇ ਸੜਕ ‘ਤੇ ਖੜ੍ਹੀਆਂ ਟੁੱਟੇ ਸ਼ੀਸ਼ੇ ਵਾਲੀਆਂ ਪੁਰਾਣੀਆਂ ਬੱਸਾਂ ਵਿੱਚ ਇੱਕ ਬਿਮਾਰ ਬਜ਼ੁਰਗ ਰਹਿੰਦਾ ਹੈ ਅਤੇ ਰਾਤ ਨੂੰ ਵੀ ਇਹਨਾਂ ਬੱਸਾਂ ਵਿੱਚ ਹੀ ਸੌਂਦਾ ਹੈ। ਉਸ ਨੇ ਦੱਸਿਆ ਕਿ ਉੱਠਣ-ਬੈਠਣ ਤੋਂ ਅਸਮਰੱਥ ਇਸ ਬਜ਼ੁਰਗ ਨੂੰ ਜੇ ਕਰ ਤੁਰੰਤ ਮੈਡੀਕਲ ਸਹਾਇਤਾ ਨਾ ਮਿਲੀ ਤਾਂ ਇਸ ਦੀ ਮੌਤ ਹੋ ਸਕਦੀ ਹੈ।

16 ਜਨਵਰੀ ਨੂੰ ਸਵੇਰੇ ਨੌਂ ਵਜੇ ਦੇ ਕਰੀਬ ਸਰਾਭਾ ਆਸ਼ਰਮ ਦੇ ਮੁੱਖ ਸੇਵਾਦਾਰ ਡਾ.ਨੌਰੰਗ ਸਿੰਘ ਮਾਂਗਟ, ਰਣਜੀਤ ਸਿੰਘ ਤੇ ਹਰਦੀਪ ਸਿੰਘ ਨੇ ਪਹੁੰਚ ਕੇ ਦੇਖਿਆ ਕਿ ਇਸ ਬਜ਼ੁਰਗ ਦੇ ਹੱਥ-ਪੈਰ ਸੁੱਜੇ ਹੋਏ ਸਨ, ਮਲ-ਮੂਤਰ ਆਦਿ ਕੱਪੜਿਆਂ ਵਿੱਚ ਹੀ ਕੀਤਾ ਹੋਇਆ ਸੀ ਅਤੇ ਹਾਲਤ ਬੇਹੱਦ ਚਿੰਤਾਂਜਨਕ ਸੀ । ਇਸਨੂੰ ਬੱਸ ਵਿੱਚੋਂ ਪਏ ਨੂੰ ਚੁੱਕ ਕੇ ਆਸ਼ਰਮ ਦੀ ਐਂਬੂਲੈਂਸ ਵਿੱਚ ਪਾ ਕੇ ਸਰਾਭਾ ਪਿੰਡ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਲੈ ਆਏ।ਆਸ਼ਰਮ ਵਿੱਚ ਇਸਨੂੰ ਲੋੜੀਂਦੀ ਮੈਡੀਕਲ ਸਹਾਇਤਾ ਦਿੱਤੀ ਗਈ, ਇਸ਼ਨਾਨ ਕਰਵਾਇਆ, ਪ੍ਰਸ਼ਾਦਾ ਛਕਾਇਆ ਅਤੇ ਜ਼ਰੂਰਤ ਦੀਆਂ ਵਸਤੂਆਂ ਦਿੱਤੀਆਂ ਗਈਆਂ। ਚਾਰ-ਪੰਜ ਘੰਟੇ ਬਾਅਦ ਇਸ ਨੇ ਕੁੱਝ ਸੁਰਤ ਸੰਭਾਲੀ ਤਾਂ ਬਜ਼ੁਰਗ ਨੇ ਆਪਣੇ ਬਾਰੇ ਦੱਸਿਆ ਕਿ ਮੇਰਾ ਨਾਮ ਰਮੇਸ਼ ਕੁਮਾਰ ਹੈ, ਮੈਂ ਜਵਾਹਰ ਨਗਰ ਵਿੱਚ ਸੜਕ ਕਿਨਾਰੇ ਬੈਠ ਕੇ ਕੱਪੜਿਆਂ ਦੀ ਮੁਰੰਮਤ ਦਾ ਛੋਟਾ-ਮੋਟਾ ਕੰਮ ਕਰਦਾ ਸੀ। ਰਹਿਣ ਲਈ ਕੋਈ ਘਰ-ਬਾਰ ਨਾ ਹੋਣ ਕਰਕੇ ਗਰਮੀਆਂ ਵਿੱਚ ਸੜਕ ਕਿਨਾਰੇ ਹੀ ਸੌਂ ਜਾਂਦਾ ਅਤੇ ਸਰਦੀਆਂ ਵਿੱਚ ਪੁਰਾਣੀਆਂ ਖੜ੍ਹੀਆਂ ਬੱਸਾਂ ਵਿੱਚ ਸੌਂ ਜਾਂਦਾ ਸੀ। ਹੁਣ ਬੁਢੇਪੇ ‘ਚ ਬਿਮਾਰ ਹੋ ਗਿਆ ਅਤੇ ਸਰਦੀ ਵੀ ਨਹੀਂ ਝੱਲੀ ਜਾਂਦੀ । ਆਸ਼ਰਮ ਦੇ ਮੈਡੀਕਲ ਸਟਾਫ ਨੇ ਦੱਸਿਆ ਕਿ ਉਮੀਦ ਹੈ ਇਹ ਬਜ਼ੁਰਗ ਆਸ਼ਰਮ ਵਿੱਚ ਲਗਾਤਾਰ ਮੈਡੀਕਲ ਸਹਾਇਤਾ ਮਿਲਣ ਨਾਲ ਅਤੇ ਚੰਗੀ ਸੇਵਾ-ਸੰਭਾਲ ਸਦਕਾ ਜਲਦੀ ਹੀ ਤੁਰਨ-ਫਿਰਨ ਲੱਗ ਜਾਵੇਗਾ।

ਇਸ ਸੰਸਥਾ ਦੇ ਬਾਨੀ ਡਾ.ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਇਸ ਸੰਸਥਾ ਵੱਲੋਂ ਪਿਛਲੇ 19 ਸਾਲਾਂ ਦੌਰਾਨ ਸੈਂਕੜੈ ਹੀ ਅਜਿਹੇ ਬਿਮਾਰ ਲਾਵਾਰਸ ਵਿਅਕਤੀਆਂ ਨੂੰ ਸੜਕਾਂ ਤੋਂ ਚੁੱਕ ਕੇ ਨਵੀਂ ਜ਼ਿੰਦਗੀ ਪਰਦਾਨ ਕੀਤੀ ਗਈ ਹੈ। ਇਸ ਆਸ਼ਰਮ ਵਿੱਚ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆ ਨਾਲ ਪੀੜਤ ਲਾਵਾਰਸ-ਬੇਘਰ ਦੋ ਸੌ (200) ਦੇ ਕਰੀਬ ਮਰੀਜ਼ ਹਮੇਸ਼ਾਂ ਹੀ ਰਹਿੰਦੇ ਹਨ। ਇਹਨਾਂ ਵਿੱਚ ਬਹੁਤ ਸਾਰੇ ਮਰੀਜ਼ ਪੂਰੀ ਤਰਾਂ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵੱਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਲੋਕ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਚੱਲ ਰਹੀ ਹੈ। ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਸੰਪਰਕ (ਮੋਬਾਇਲ): 95018-42506; 95018-42505

# ਰਾਮ ਮੰਦਰ ਬਨਾਮ ਜੈ ਸ੍ਰੀ ਰਾਮ

ਅਸਲ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਬੋਨਸ ਵਿੱਚ ਦੱਸ ਦਿਆਂ ਕਿ ਕਲਯੁੱਗ ਦੀ ਅਰੰਭਤਾ ਹੋਈ ਨੂੰ ਹਾਲੇ ਸਿਰਫ਼ 5 ਹਜ਼ਾਰ ਸਾਲ ਹੋਏ ਹਨ, 36 ਹਜ਼ਾਰ ਸਾਲ ਤੱਕ ਕਲਯੁੱਗ ਵੱਧਦਾ ਜਾਵੇਗਾ, ਫਿਰ ਤਿੰਨ ਲੱਖ ਸੱਠ ਹਜ਼ਾਰ ਸਾਲ ਇਸਨੇ ਜੋਬਨ ਤੇ ਰਹਿਣਾ ਹੈ, ਮੁੜ 36 ਹਜ਼ਾਰ ਸਾਲ ਇਸ ਨੇ ਘਟਣ ਨੂੰ ਲਾਉਣੇ ਹਨ।

ਯੁਗਾਂ ਦੀ ਤਰਤੀਬ ਇਸ ਤਰ੍ਹਾਂ ਹੈ;

ਸਤਯੁੱਗ, ਤ੍ਰੇਤਾ, ਦੁਆਪਰ, ਕਲਯੁੱਗ।

ਯੁਗਾਂ ਦੀ ਉਮਰ ਹੈ;

ਸਤਯੁੱਗ - 1,728,000 ਸਾਲ

ਤ੍ਰੇਤਾ - 1,296,000 ਸਾਲ

ਦੁਆਪਰ - 864,000 ਸਾਲ

ਕਲਯੁੱਗ - 432,000 ਸਾਲ (ਪੰਜ ਹਜ਼ਾਰ ਸਾਲ ਲੰਘ ਗਏ ਹਨ ਕਲਯੁੱਗ ਨੂੰ ਅਰੰਭ ਹੋਏ)

ਸਤਯੁੱਗ ਵਿੱਚ ਪ੍ਰਹਿਲਾਦ ਭਗਤ ਹੋਇਆ, ਤ੍ਰੇਤੇ ਵਿੱਚ ਰਾਮ ਚੰਦਰ, ਦੁਆਪਰ ਵਿੱਚ ਕ੍ਰਿਸ਼ਨ... ਸੌਖੇ ਢੰਗ ਨਾਲ ਸਮਝਣ ਲਈ ਯੁਗਾਂ ਦੇ ਸਮੇਂ ਨੂੰ ਅਸੀਂ ਜੇਕਰ ਈਸਵੀ ਸੰਮਤ ਦੇ 2000 ਸਾਲਾਂ ਵਿੱਚ ਵੰਡਣਾ ਹੋਵੇ ਤਾਂ ਇਸ ਤਰ੍ਹਾਂ ਗਿਣਤੀ ਹੋਵੇਗੀ...

ਸੰਨ 888 ਤੱਕ ਸਤਯੁਗ

ਸੰਨ 1553 ਤੱਕ ਤ੍ਰੇਤਾ ਯੁੱਗ

ਸੰਨ 1999 ਤੱਕ ਦੁਆਪਰ ਯੁੱਗ

1999 ਤੋਂ 2220 ਤੱਕ ਕਲਯੁੱਗ ਹੋਵੇਗਾ...

ਮਤਲਬ 888 ਤੋ 1553 ਤੱਕ ਤ੍ਰੇਤਾ ਯੁੱਗ ਸੀ, ਹਿੰਦੂ ਮਿਥਿਹਾਸ ਮੁਤਾਬਕ ਰਾਮ ਚੰਦਰ ਤ੍ਰੇਤੇ ਯੁੱਗ ਦਾ ਅਵਤਾਰ ਸੀ ਜੋ ਸਤਾਰਾਂ ਲੱਖ ਵਰ੍ਹੇ ਲੰਬੇ ਸਤਿਯੁਗ ਦੇ ਗੁਜ਼ਰਨ ਮਗਰੋਂ ਅਰੰਭ ਹੋਇਆ... ਪਰ ਝੂਠ ਸਿਰਜਣ ਵਿੱਚ ਮਾਹਰ, ਮੌਜੂਦਾ ਸਮੇਂ ਦੇ ਹਿੰਦੂ ਵਿਦਵਾਨ, ਰਾਮ ਚੰਦਰ ਦਾ ਅਵਤਾਰ ਮਹਿਜ਼ ਪੰਜ ਹਜ਼ਾਰ ਸਾਲ ਪਹਿਲਾਂ ਦਾ ਦੱਸਦੇ ਹਨ (ਝੂਠ ਦੇ ਪੈਰ ਨਹੀਂ ਹੁੰਦੇ)... ਜੋ ਤ੍ਰੇਤੇ ਦੀ ਥਾਂ, ਕ੍ਰਿਸ਼ਨ ਵਾਲੇ ਦੁਆਪਰ ਦੇ ਐਨ ਅਖੀਰ ਤੇ ਬਣਦਾ ਹੈ ਤੇ ਸਾਡੇ 2000 ਵਾਲੇ ਢਾਂਚੇ ਮੁਤਾਬਕ 888-1553 ਦੀ ਥਾਂ 1998 ਦਾ ਆਵੇਗਾ।

ਸਵਾਲ ਹੈ ਕਿ ਸਾਡੇ ਘੜੇ ਫ਼ਾਰਮੂਲੇ ਮੁਤਾਬਕ ਜੇ ਇਹ ਰਾਮ 888-1553 ਜਾਂ 1998 ਵਿੱਚ ਪੈਦਾ ਹੋਇਆ ਤਾਂ ਇਹ ਭਗਵਾਨ ਕਿਵੇਂ ਹੋ ਗਿਆ? ਕਿਸੇ ਹਿੰਦੂ ਵਿਦਵਾਨ ਨੂੰ ਜੇ ਆਖੋਗੇ ਕਿ ਰਾਮ ਚੰਦਰ ਸਤਿਯੁੱਗ ਵਿੱਚ ਪੈਦਾ ਹੋਇਆ ਸੀ ਤਾਂ ਉਹ ਤੁਹਾਨੂੰ ਬੇਵਕੂਫ਼ ਆਖੇਗਾ ਪਰ ਬੇਵਕੂਫ਼ ਉਹ ਖੁਦ ਹਨ ਜਿਹੜੇ ਉਸ ਵਿਅਕਤੀ ਨੂੰ ਭਗਵਾਨ ਆਖਦੇ ਹਨ ਜੋ ਸਤਿਯੁੱਗ ਵਿੱਚ ਮੌਜੂਦ ਹੀ ਨਹੀਂ ਸੀ। ਇਸੇ ਲਈ ਬਾਬੇ ਨੇ ਪਹਿਲਾਂ ਇਹੀ ਭੁਲੇਖਾ ਕੱਢਿਆ ਕਿ ਉਹ ਰਾਮ “ਆਦਿ ਸਚੁ” ਹੈ ਤੇ ਭਗਤ ਪ੍ਰਹਿਲਾਦ ਤਾਂ ਅਯੁੱਧਿਆ ਵਾਲੇ ਰਾਮ ਚੰਦਰ ਤੋਂ ਲੱਖਾਂ ਸਾਲ ਪਹਿਲਾਂ ਪੈਦਾ ਹੋ ਕੇ “ਆਦਿ ਸਚੁ” ਵਾਲੇ ਰਾਮ ਦੇ ਸੰਬੰਧ ਵਿੱਚ ਡੰਕੇ ਦੀ ਚੋਟ ਨਾਲ ਆਖ ਰਿਹਾ, “ਨਹੀ ਛੋਡਉ ਰੇ ਬਾਬਾ ਰਾਮ ਨਾਮ॥ ”

ਅਯੁੱਧਿਆ ਵਾਲੇ ਰਾਮ ਚੰਦਰ ਨੂੰ ਲੱਖਾਂ ਸਾਲਾਂ ਤੋਂ ਅਕਾਲ ਪੁਰਖ ਲਈ ਪ੍ਰਚਲਿਤ ਨਾਮ “ਰਾਮ” ਰਾਹੀਂ ਭਗਵਾਨ ਬਣਾਕੇ ਪੇਸ਼ ਕਰਨਾ ਮਨੁੱਖਾ ਜਾਤੀ ਨਾਲ ਰੂਹਾਨੀ ਧੋਖਾ ਹੈ, ਫਰੇਬ ਹੈ, ਛਲਾਵਾ ਹੈ, ਮੱਕਾਰੀ ਹੈ! ਇਹ ਇੰਝ ਹੀ ਹੈ ਜਿਵੇਂ ਲੱਖਾਂ ਸਾਲਾਂ ਮਗਰੋਂ ਕੋਈ ਕਿਸੇ ਵਿਅਕਤੀ ਨੂੰ “ਕਰਤਾਰ” ਜਾਂ “ਵਾਹਿਗੁਰੂ” ਨਾਮ ਦੇ ਕੇ ਉਸਨੂੰ ਅਕਾਲ ਪੁਰਖ ਬਣਾਕੇ ਪੇਸ਼ ਕਰਨ ਲੱਗ ਜਾਵੇ ਤੇ ਸਿੱਖ ਉਸਨੂੰ ਸੱਚ ਮੰਨ ਲੈਣ ਤੇ ਹੋਰਾਂ ਨੂੰ ਅਜਿਹਾ ਕਰਨ ਲਈ ਧੌਂਸ ਦੇਣ ਲੱਗ ਜਾਣ।

ਹੱਦ ਤਾਂ ਇਸ ਗੱਲ ਦੀ ਹੈ ਕਿ ਸਾਡੇ ਚਾਪਲੂਸ ਆਗੂ, ਤੇ ਕੁਝ ਅਣਜਾਣ ਪ੍ਰਚਾਰਕ ਵੀ ਇਹ ਆਖ ਦਿੰਦੇ ਹਨ ਕਿ (ਅਯੁੱਧਿਆ ਵਾਲੇ) ਰਾਮ ਦਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇੰਨੀ ਵਾਰ ਆਇਆ ਹੈ।

ਬਿਨਾਂ ਸ਼ੱਕ ਅਸੀਂ ਰਾਮ ਜਪਣਾ ਹੈ ਪਰ ਕਿਸੇ ਮਿਥਿਹਾਸਕ ਰਾਮ ਨੂੰ ਨਹੀਂ, ਬਲਕਿ ਯੁੱਗੋ-ਯੁੱਗ ਅਟੱਲ ਰਾਮ ਜਿਸ ਨੂੰ ਧਰੂ ਤੇ ਪ੍ਰਹਿਲਾਦ ਨੇ ਅਯੁੱਧਿਆ ਵਾਲੇ ਰਾਮ ਦੇ ਪੈਦਾ ਹੋਣ ਤੋਂ ਲੱਖਾਂ ਸਾਲ ਪਹਿਲਾਂ ਜਪਿਆ ਤੇ ਉਸ ਜਾਪ ਸਦਕਾ, ਰਾਜ ਅਤੇ ਮੁਕਤੀ ਦੋਵੇਂ ਪ੍ਰਾਪਤ ਕੀਤੇ...

ਰਾਮ ਜਪਉ ਜੀਅ ਐਸੇ ਐਸੇ॥
ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥

**ਇਕਬਾਲ ਸਿੰਘ ਫਰੀਮਾਂਟ**


ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ



**ਫੈਮਲੀ ਲਾਅ**
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

**ਇਮੀਗ੍ਰੇਸ਼ਨ ਲਾਅ**
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

**ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ**
- **ਬੀ.ਸੀ.** ਅਤੇ **ਐਲਬਰਟਾ** ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

**ਇੰਪਲਾਇਮੈਂਟ ਲਾਅ**
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ ’ਤੇ ਲੱਗੀ ਸੱਟ
- ਕੰਮ ਦੇ ਸਥਾਨ ’ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ ’ਤੇ ਸਮਾਗਮਾਂ ਦੇ ਕਲੇਮ

**ਕਾਰਪੋਰੇਟ ਅਤੇ ਬਿਜ਼ਨਸ ਲਾਅ**
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

**ਨੋਟਰੀ ਸੇਵਾਵਾਂ**
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

**ਸਾਡੀ ਚੋਣ ਕਰਨ ਦੇ ਫਾਇਦੇ**
- ਘੱਟ ਕੀਮਤ ’ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

**ਚਰਨਜੀਤ ਕੌਰ ਰੈਨਾ**
**ਵਕੀਲ ਅਤੇ ਨੋਟਰੀ ਪਬਲਿਕ**

**778 835 8455**
#201-13049 76th Avenue, Surrey BC V3W2V7
www.rainalaw.com Email : craina@rainalaw.com

# ਕੀ ਜੰਮੂ-ਕਸ਼ਮੀਰ ਹਾਈ ਕੋਰਟ ਸਿੱਖ ਧਰਮ ਦੀ ਮਰਿਆਦਾ ਨਿਸ਼ਚਿਤ ਕਰੇਗੀ?

ਜੰਮੂ-ਕਸ਼ਮੀਰ ਹਾਈਕੋਰਟ ਨੇ ਆਪਣੇ ਫੈਸਲੇ ਵਿੱਚ ਕਿਹਾ ਸੀ ਕਿ ਸਿੱਖ ਵਿਅਕਤੀ ਦੀ ਪਛਾਣ ਲਈ 'ਸਿੰਘ' ਜਾਂ 'ਕੌਰ' ਹੋਣਾ ਜ਼ਰੂਰੀ ਨਹੀਂ ਹੈ। ਅਖਨੂਰ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣਾਂ ਲਈ ਤਿਆਰ ਵੋਟਰ ਲਿਸਟ ਨੂੰ ਲੈਕੇ ਅਦਾਲਤ ਵਿੱਚ ਚੁਣੌਤੀ ਦਿੱਤੀ ਸੀ ਕਿ ਕੁੱਝ ਗੈਰ-ਸਿੱਖ ਵੋਟਰ ਸ਼ਾਮਲ ਕੀਤਾ ਗਿਆ ਹੈ। ਪਟੀਸ਼ਨਕਰਤਾ ਨੇ ਦਲੀਲ ਦਿੱਤੀ ਸੀ ਕਿ ਸਿਰਫ਼ 'ਸਿੰਘ' ਜਾਂ 'ਕੌਰ' ਨੂੰ ਵੀ ਵੋਟਿੰਗ ਦਾ ਅਧਿਕਾਰ ਹੈ । ਕਾਨੂੰਨੀ ਅਪੀਲ ਅਥਾਰਟੀ ਵਲੋਂ ਪਟੀਸ਼ਨ ਰੱਦ ਕੀਤੇ ਜਾਣ ਤੋਂ ਬਾਅਦ ਪਟੀਸ਼ਨਕਰਤਾ ਨੇ ਹਾਈ ਕੋਰਟ ਅਰਜ਼ੀ ਪਾਈ ਸੀ । ਜਸਟਿਸ ਵਸੀਮ ਸਾਦਿਕ ਨਰਗਲ ਨੇ ਜੰਮੂ-ਕਸ਼ਮੀਰ ਸਿੱਖ ਗੁਰਦੁਆਰਾ ਐਕਟ 1973 ਦਾ ਹਵਾਲਾ ਦਿੰਦੇ ਹੋਏ ਕਿਹਾ ਇਹ ਐਕਟ ਦੀ ਪਰਿਭਾਸ਼ਾ ਤੋਂ ਉਲਟ ਹੈ । ਬਹੁਤ ਸਾਰੇ ਲੋਕ ਹਨ ਜਿਨ੍ਹਾਂ ਦੇ ਉਪਨਾਮ 'ਚ ''ਸਿੱਖ ਜਾਂ ਕੌਰ'' ਨਹੀਂ ਹੈ ਪਰ ਫਿਰ ਵੀ ਉਹ ਸਿੱਖ ਵਜੋਂ ਜਾਣੇ ਜਾਂਦੇ ਹਨ ਕਿਉਂਕਿ ਸਿੱਖ ਧਰਮ ਉਨ੍ਹਾਂ ਦੇ ਦਿਲ ਵਿੱਚ ਹੈ ।

ਪਟੀਸ਼ਨਕਰਤਾ, ਨੇ ਅਖਨੂਰ 'ਚ ਡੀ.ਜੀ.ਪੀ.ਸੀ. ਦੀ ਚੋਣ ਲੜੀ ਸੀ ਅਤੇ ਹਾਰ ਗਿਆ ਸੀ । ਨਤੀਜਿਆਂ ਨੂੰ ਚੁਣੌਤੀ ਦਿੰਦੇ ਹੋਏ ਮੁੱਖ ਦਲੀਲ ਇਹ ਹੈ ਕਿ ਵੋਟਰ ਸੂਚੀ 'ਚ ਗੈਰ-ਸਿੱਖਾਂ ਦੇ ਨਾਮ ਹਨ ਜਿਨ੍ਹਾਂ ਦੀ ਪਛਾਣ ਉਨ੍ਹਾਂ ਦੇ ਉਪਨਾਮਾਂ 'ਚ 'ਸਿੰਘ' ਜਾਂ 'ਕੌਰ' ਦੀ ਗੈਰਹਾਜ਼ਰੀ ਕਾਰਨ ਕੀਤੀ ਗਈ ਸੀ। ਉਨ੍ਹਾਂ ਦਲੀਲ ਦਿਤੀ ਕਿ ਇਹ ਜੰਮੂ-ਕਸ਼ਮੀਰ ਸਿੱਖ ਗੁਰਦੁਆਰਾ ਅਤੇ ਧਾਰਮਕ ਬੰਦੋਬਸਤੀ ਨਿਯਮ, 1975 ਦੀ ਉਲੰਘਣਾ ਹੈ, ਜੋ ਸਿੱਖ ਨੂੰ ਉਸ ਵਿਅਕਤੀ ਵਜੋਂ ਪਰਿਭਾਸ਼ਿਤ ਕਰਦਾ ਹੈ ਜੋ ਦਸ ਗੁਰੂਆਂ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਮੰਨਦਾ ਹੈ ਅਤੇ ਕੇਸ ਰੱਖਦਾ ਹੈ।

### ਪੰਥਕ ਆਗੂਆਂ ਦਾ ਪ੍ਰਤੀਕਰਮ

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜੰਮੂ-ਕਸ਼ਮੀਰ ਹਾਈ ਕੋਰਟ ਦੇ ਹੁਕਮਾਂ 'ਤੇ ਸਖ਼ਤ ਇਤਰਾਜ਼ ਪ੍ਰਗਟਾਉਂਦਿਆਂ ਆਖਿਆ ਹੈ ਕਿ ਸਿੱਖਾਂ ਦੇ ਸਿਧਾਂਤਕ ਤੇ ਇਤਿਹਾਸਕ ਪਿਛੋਕੜ ਨੂੰ ਨਜ਼ਰਅੰਦਾਜ਼ ਕਰਕੇ ਕਿਸੇ ਸਿੱਖ ਦੀ ਪਛਾਣ ਨਿਰਧਾਰਤ ਕਰਨ ਦਾ ਕਿਸੇ ਦੁਨਿਆਵੀ ਅਦਾਲਤ ਨੂੰ ਕੋਈ ਅਧਿਕਾਰ ਨਹੀਂ ਹੈ। ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਜੰਮੂ-ਕਸ਼ਮੀਰ ਹਾਈਕੋਰਟ ਦਾ ਇਕ ਗੁਰਦੁਆਰਾ ਚੋਣ ਦੇ ਸਬੰਧ ਵਿਚ ਇਕ ਸਿੱਖ ਵੋਟਰ ਬਣਨ ਲਈ ਨਾਮ ਪਿੱਛੇ 'ਸਿੰਘ' ਜਾਂ 'ਕੌਰ' ਜ਼ਰੂਰੀ ਨਾ ਹੋਣ ਸਬੰਧੀ ਦਿੱਤਾ ਫੈਸਲਾ ਸਿੱਧੇ ਤੌਰ 'ਤੇ ਸਿੱਖ ਕੌਮ ਦੀ ਵੱਖਰੀ ਪਛਾਣ 'ਤੇ ਹਮਲਾ ਅਤੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲਅੰਦਾਜ਼ੀ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸਿੱਖਾਂ ਦੇ ਨਾਵਾਂ ਪਿੱਛੇ 'ਸਿੰਘ' ਅਤੇ 'ਕੌਰ' ਲੱਗਣ ਦਾ ਇਕ ਲਾਸਾਨੀ ਸਿਧਾਂਤਕ ਅਤੇ ਇਤਿਹਾਸਕ ਆਧਾਰ ਹੈ, ਜਿਸ ਨੂੰ ਅਣਗੌਲਿਆਂ ਕਰਕੇ ਸਿੱਖ ਪਛਾਣ ਬਾਰੇ ਕਿਸੇ ਦੁਨਿਆਵੀ ਅਦਾਲਤ ਵਲੋਂ ਫੈਸਲਾ ਸੁਣਾਉਣਾ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਦੁਖਾਉਣ ਵਾਲਾ ਫੈਸਲਾ ਹੈ। ਉਨ੍ਹਾਂ ਕਿਹਾ ਕਿ ਖ਼ਾਸ ਕਰਕੇ ਗੁਰਦੁਆਰਾ ਚੋਣਾਂ ਦੇ ਵੋਟਰ ਵਜੋਂ ਸਿੱਖ ਦੇ ਨਾਮ ਨਾਲ 'ਸਿੰਘ ਜਾਂ 'ਕੌਰ' ਲਿਖਣ ਨੂੰ ਅਦਾਲਤ ਵੱਲੋਂ ਗੈਰ-ਜ਼ਰੂਰੀ ਦੱਸਣਾ, ਗੁਰਦੁਆਰਾ ਪ੍ਰਬੰਧਾਂ ਵਿਚ ਅਸਿੱਧੇ ਤੌਰ 'ਤੇ ਬਾਹਰੀ ਦਖ਼ਲ ਦਾ ਰਾਹ ਖੋਲ੍ਹਣ ਦਾ ਖ਼ਦਸ਼ਾ ਜ਼ਾਹਰ ਕਰਦਾ ਹੈ, ਜੋ ਕਿ ਕਿਸੇ ਅਦਾਲਤ ਲਈ ਬਿਲਕੁਲ ਵੀ ਸ਼ੋਭਨੀਕ ਨਹੀਂ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਆਖਿਆ ਕਿ ਜੰਮੂ-ਕਸ਼ਮੀਰ ਹਾਈਕੋਰਟ ਦੁਆਰਾ ਸਿੱਖ ਪਛਾਣ ਦੇ ਸਬੰਧ ਵਿਚ ਸੁਣਾਏ ਫੈਸਲੇ ਵਿਰੁੱਧ ਕਾਨੂੰਨੀ ਆਧਾਰ 'ਤੇ ਚਾਰਾਜੋਈ ਕਰਨ ਅਤੇ ਇਸ ਫੈਸਲੇ ਨੂੰ ਮਨਸੂਖ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਨੂੰ ਆਖਿਆ ਜਾਵੇਗਾ ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਭਾਵੇਂ ਜੰਮੂ ਕਸ਼ਮੀਰ ਹਾਈ ਕੋਰਟ ਦਾ ਫੈਸਲਾ ਉੱਥੋਂ ਦੇ ਅਖਨੂਰ ਜ਼ਿਲ੍ਹਾ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਬੰਧਤ ਹੈ ਪਰ ਇਸ ਨੇ ਸਿੱਖ ਸਿਧਾਂਤਾਂ ਅਤੇ ਰਵਾਇਤਾਂ ਦੇ ਉਲੰਘਣ ਦੇ ਨਾਲ-ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਵੀ ਸੱਟ ਮਾਰੀ ਹੈ। ਕਿਸੇ ਵੀ ਅਦਾਲਤ ਨੂੰ ਸਿੱਖਾਂ ਦੇ ਧਾਰਮਿਕ ਮਰਯਾਦਾ ਨਾਲ ਜੁੜੇ ਮਾਮਲੇ 'ਤੇ ਅਜਿਹੀ ਟਿੱਪਣੀ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਜੰਮੂ ਕਸ਼ਮੀਰ ਹਾਈ ਕੋਰਟ ਦੇ ਫੈਸਲੇ ਬਾਰੇ ਸ਼੍ਰੋਮਣੀ ਕਮੇਟੀ ਕਾਨੂੰਨੀ ਮਾਹਿਰਾਂ ਪਾਸੋਂ ਘੋਖ ਕਰਵਾ ਕੇ ਯੋਗ ਕਾਰਵਾਈ ਕਰੇਗੀ।

ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਕਿਸੇ ਵੀ ਅਦਾਲਤ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਬਾਰੇ ਕੋਈ ਫੈਸਲਾ ਲੈਣ ਦਾ ਅਧਿਕਾਰ ਨਹੀਂ ਹੈ। ਦੂਜੀ ਗੱਲ ਜਿਸ ਜੱਜ ਨੇ ਇਹ ਫੈਸਲਾ ਦਿੱਤਾ ਹੈ, ਉਸ ਨੂੰ ਸ਼ਾਇਦ ਸਿੱਖ ਇਤਿਹਾਸ ਦਾ ਗਿਆਨ ਨਹੀਂ ਹੈ ਕਿਉਂਕਿ ਜੇ ਉਸ ਨੂੰ ਗਿਆਨ ਹੁੰਦਾ ਤਾਂ ਉਹ ਕਦੇ ਵੀ ਅਜਿਹਾ ਫੈਸਲਾ ਨਾ ਲੈਂਦਾ। ਉਨ੍ਹਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਦੀ ਕਾਨੂੰਨੀ ਟੀਮ ਜਲਦੀ ਹੀ ਇਸ ਫੈਸਲੇ ਨੂੰ ਚੁਣੌਤੀ ਦੇਵੇਗੀ।

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕੋਰਟ ਨੂੰ ਇਹ ਤੈਅ ਨਹੀਂ ਕਰਨਾ ਚਾਹੀਦਾ ਕਿ ਕੋਈ ਵਿਅਕਤੀ ਆਪਣਾ ਨਾਮ ਨਾਲ ਸਿੰਘ ਲਿਖ ਸਕਦਾ ਹੈ ਜਾਂ ਨਹੀਂ।

ਉਨ੍ਹਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ 300 ਸਾਲ ਪਹਿਲਾਂ ਖਾਲਸਾ ਪੰਥ ਅਤੇ ਅੰਮ੍ਰਿਤ ਸੰਚਾਰ ਦੀ ਪਰੰਪਰਾ ਸ਼ੁਰੂ ਕੀਤੀ ਸੀ ਤੇ ਸਿੱਖਾਂ ਨੂੰ ਆਪਣੇ ਨਾਮ ਨਾਲ ਸਿੰਘ ਤੇ ਕੌਰ ਲਿਖਣ ਦਾ ਆਦੇਸ਼ ਦਿੱਤਾ ਸੀ। ਉਨ੍ਹਾਂ ਕਿਹਾ, "ਸਿਖਾਂ ਦੀਆਂ ਧਾਰਮਿਕ ਮਾਨਤਾਵਾਂ ਦੀ ਇਤਿਹਾਸਕ ਤੇ ਦਾਰਸ਼ਨਿਕ ਪਰੰਪਰਾ ਹੈ ,ਇਸ ਨੂੰ ਸੰਵਿਧਾਨਕ ਨਜ਼ਰੀਏ ਤੋਂ ਪਰਖਿਆ ਨਹੀਂ ਜਾ ਸਕਦਾ।"

ਸਿੱਖ ਇਤਿਹਾਸਕਾਰ ਗੁਰਦਰਸ਼ਨ ਸਿੰਘ ਢਿੱਲੋਂ ਨੇ ਕਿਹਾ ਕਿ ਇਹ ਸਿੱਖਾਂ ਦੇ ਨਿੱਜੀ ਮਾਮਲਿਆਂ ਵਿੱਚ ਬੇਲੋੜੀ ਦਖ਼ਲਅੰਦਾਜ਼ੀ ਹੈ ਅਤੇ ਇਸ ਨੂੰ ਸਵੀਕਾਰ ਨਹੀਂ ਕੀਤਾ ਜਾਣਾ ਚਾਹੀਦਾ। ਇਸ ਹੁਕਮ ਦੇ ਖ਼ਿਲਾਫ਼ ਹਾਈ ਕੋਰਟ ਵਿੱਚ ਨਜ਼ਰਸਾਨੀ ਅਰਜ਼ੀ ਦਾਇਰ ਹੋਣੀ ਚਾਹੀਦੀ ਹੈ ਜਾਂ ਸੁਪਰੀਮ ਕੋਰਟ ਤੱਕ ਪਹੁੰਚ ਕਰਨੀ ਚਾਹੀਦੀ ਹੈ।

ਸਿੱਖ ਵਿਦਵਾਨ ਤੇ ਦਾਰਸ਼ਨਿਕ ਗੁਰਤੇਜ ਸਿੰਘ ਆਈਏਐਸ ਨੇ ਦੱਸਿਆ ਕਿ ਸਿੱਖ ਰਹਿਤ ਮਰਿਯਾਦਾ ਵਿੱਚ ਪਹਿਲਾਂ ਹੀ ਲਿਖਿਆ ਹੋਇਆ ਹੈ ਕਿ ਸਿੱਖ ਮਰਦ ਨੂੰ 'ਸਿੰਘ' ਲਿਖਣਾ ਚਾਹੀਦਾ ਹੈ ਅਤੇ ਇਸਤਰੀ ਆਪਣੇ ਨਾਮ ਨਾਲ 'ਕੌਰ' ਲਾਵੇਗੀ। ਸਿੱਖ ਮਾਮਲੇ ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਿਤ 'ਸਿੱਖ ਰਹਿਤ ਮਰਯਾਦਾ' ਮੁਤਾਬਕ ਚੱਲਦੇ ਹਨ ਅਤੇ ਨਜਿੱਠੇ ਜਾਂਦੇ ਹਨ। ਉਨ੍ਹਾਂ ਸਵਾਲ ਕੀਤਾ, "ਵਾਰ-ਵਾਰ ਅਜਿਹੇ ਮਾਮਲੇ ਕਿਉਂ ਚੁੱਕੇ ਜਾ ਰਹੇ ਹਨ ਅਤੇ ਇਸ ਨਾਲ ਕਿਸ ਨੂੰ ਫਾਇਦਾ ਪਹੁੰਚਾਇਆ ਜਾ ਰਿਹਾ ਹੈ ? ''

ਸਿੱਖ ਰਹਿਤ ਮਰਯਾਦਾ ਕੀ ਕਹਿੰਦੀ ਹੈ

ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਿਤ ਸਿੱਖ ਰਹਿਤ ਮਰਯਾਦਾ ਵਿੱਚ ਲਿਖਿਆ ਗਿਆ ਹੈ ਕਿ ਇੱਕ ਸਿੱਖ ਘਰ ਵਿੱਚ, ਬੱਚੇ ਦੇ ਜਨਮ ਤੋਂ ਬਾਅਦ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਕੜਾਹ ਪ੍ਰਸ਼ਾਦਿ ਨਾਲ ਗੁਰਦਵਾਰੇ ਜਾਣਾ ਚਾਹੀਦਾ ਹੈ ਤੇ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਹਜ਼ੂਰੀ ਵਿੱਚ ਪਾਠ ਕਰਨਾ ਚਾਹੀਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਉਪਰੰਤ ਪਵਿੱਤਰ ਹੁਕਮਨਾਮਾ ਲਿਆ ਜਾਵੇ। ਗ੍ਰੰਥੀ ਦੁਆਰਾ ਹੁਕਮਨਾਮੇ ਦੀ ਬਾਣੀ ਦੇ ਪਹਿਲੇ ਅੱਖਰ ਤੋਂ ਸ਼ੁਰੂ ਹੋਣ ਵਾਲਾ ਨਾਮ ਪ੍ਰਸਤਾਵਿਤ ਕੀਤਾ ਜਾਣਾ ਚਾਹੀਦਾ ਹੈ। ਇਸ ਨੂੰ ਸਵੀਕਾਰ ਕਰਨ ਤੋਂ ਬਾਅਦ, ਨਾਮ ਦਾ ਐਲਾਨ ਕੀਤਾ ਜਾਣਾ ਚਾਹੀਦਾ ਹੈ ਤੇ ਮੁੰਡੇ ਦੇ ਨਾਮ ਨਾਲ 'ਸਿੰਘ' ਅਤੇ ਕੁੜੀ ਦੇ ਨਾਮ 'ਤੇ "ਕੌਰ" ਲਗਾਉਣਾ ਲਾਜ਼ਮੀ ਹੈ।

# ਅਦਾਲਤ ਨੇ ਮੂਸੇਵਾਲਾ ਦੇ ਪਰਿਵਾਰ ਕੋਲੋਂ ਮੰਗਿਆ ਰਿਕਾਰਡ:ਮਾਮਲੇ ਦੀ ਸੁਣਵਾਈ 8 ਫਰਵਰੀ ਤੱਕ ਮੁਲਤਵੀ




ਮਾਨਸਾ- ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਦੀ ਸੁਣਵਾਈ ਦੌਰਾਨ ਮਾਨਸਾ ਦੀ ਜ਼ਿਲ੍ਹਾ ਤੇ ਸੈਸ਼ਨ ਜੱਜ ਦੀ ਅਦਾਲਤ ਵਿਚ 24 ਮੁਲਜ਼ਮਾਂ ਨੇ ਪੇਸ਼ੀ ਭੁਗਤੀ। ਇਨ੍ਹਾਂ ਵਿਚੋਂ 21 ਜਣਿਆਂ ਨੇ ਵੀਡੀਓ ਕਾਨਫਰੰਸਿੰਗ ਅਤੇ 3 ਜਣਿਆਂ ਨੇ ਨਿੱਜੀ ਤੌਰ 'ਤੇ ਅਦਾਲਤ 'ਚ ਪੇਸ਼ੀ ਭੁਗਤੀ, ਜਦੋਂਕਿ ਇੱਕ ਹੋਰ ਮੁਲਜ਼ਮ ਤਿਹਾੜ ਜੇਲ੍ਹ 'ਚ ਬੰਦ ਹੋਣ ਕਾਰਨ ਉਸ ਨਾਲ ਸੰਪਰਕ ਨਹੀਂ ਹੋਇਆ। ਵਕੀਲ ਸਤਿੰਦਰਪਾਲ ਸਿੰਘ ਮਿੱਤਲ ਨੇ ਦੱਸਿਆ ਕਿ ਅਦਾਲਤ ਨੇ ਕਤਲ ਕੇਸ ਨਾਲ ਸਬੰਧਤ ਸਿੱਧੂ ਮੂਸੇਵਾਲਾ ਦੇ ਪਰਿਵਾਰ ਤੋਂ ਕੁਝ ਰਿਕਾਰਡ ਮੰਗਿਆ ਹੈ, ਜਿਸ ਨੂੰ ਅਗਲੀ ਪੇਸ਼ੀ 'ਤੇ ਪੇਸ਼ ਕੀਤਾ ਜਾਵੇਗਾ।

ਜ਼ਿਲ੍ਹਾ ਤੇ ਸੈਸ਼ਨ ਜੱਜ ਪ੍ਰੀਤੀ ਸਾਹਨੀ ਦੀ ਅਦਾਲਤ ਨੇ ਮਾਮਲੇ ਦੀ ਸੁਣਵਾਈ 8 ਫਰਵਰੀ ਤੱਕ ਮੁਲਤਵੀ ਕਰ ਦਿੱਤੀ ਹੈ। ਪੰਜਾਬ ਅਤੇ ਹੋਰ ਰਾਜਾਂ ਦੀਆਂ ਵੱਖ-ਵੱਖ ਜੇਲ੍ਹਾਂ 'ਚ ਬੰਦ 21 ਮੁਲਜ਼ਮਾਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ਵਿਚ ਪੇਸ਼ ਕੀਤਾ ਗਿਆ। ਮੁਲਜ਼ਮ ਕਪਿਲ ਪੰਡਤ, ਅਰਸ਼ਦ ਖਾਨ, ਸਚਿਨ ਭਿਵਾਨੀ ਨਿੱਜੀ ਤੌਰ 'ਤੇ ਪੇਸ਼ ਹੋਏ, ਜਦੋਂ ਕਿ ਤਿਹਾੜ ਜੇਲ੍ਹ ਵਿਚ ਬੰਦ ਗੈਂਗਸਟਰ ਸਚਿਨ ਬਿਸ਼ਨੋਈ ਨਾਲ ਤਕਨੀਕੀ ਕਾਰਨਾਂ ਕਰਕੇ ਸੰਪਰਕ ਨਹੀਂ ਹੋ ਸਕਿਆ। ਅਦਾਲਤ ਵਿਚ ਪੁੱਜੇ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਦੱਸਿਆ ਕਿ ਉਮੀਦ ਹੈ ਕਿ ਜਲਦੀ ਹੀ ਦੋਸ਼ ਆਇਦ ਕੀਤੇ ਜਾਣਗੇ ਅਤੇ ਨਿਆਂ ਮਿਲੇਗਾ ਪਰ ਉਹ ਸਰਕਾਰ ਤੋਂ ਬਹੁਤ ਨਿਰਾਸ਼ ਹਨ। ਉਨ੍ਹਾਂ ਕਿਹਾ ਕਿ 10 ਮਹੀਨਿਆਂ ਬਾਅਦ ਵੀ ਪੰਜਾਬ ਸਰਕਾਰ ਚੁੱਪ ਹੈ ਅਤੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਦੇ ਮਾਮਲੇ ਦੀ ਜ਼ਿੰਮੇਵਾਰੀ ਤੈਅ ਨਹੀਂ ਕਰ ਰਹੀ। ਇਸ ਮਾਮਲੇ ਵਿਚ ਸਰਕਾਰ ਨਾ ਸਿਰਫ਼ ਲਾਪ੍ਰਵਾਹੀ ਦਿਖਾ ਰਹੀ ਹੈ ਸਗੋਂ ਗੈਂਗਸਟਰਾਂ ਦੀ ਮਦਦ ਕਰਦੀ ਨਜ਼ਰ ਆ ਰਹੀ ਹੈ। ਜ਼ਿਕਰਯੋਗ ਹੈ ਕਿ ਮੂਸੇਵਾਲਾ ਦੀ ਪਿਛਲੇ ਸਾਲ 29 ਮਈ ਨੂੰ ਮਾਨਸਾ ਦੇ ਪਿੰਡ ਜਵਾਹਰਕੇ ਵਿਚ ਛੇ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ।


UNIVERSAL TENT RENTAL LTD.

PARTY RENTALS
• Chair Rentals
• Tables Rentals
• Audio/Visual
• Linens Rentals
• BBQ'S Rentals
• Portable Bar
• Carpet
• Dance Floor
• Lighting
• Decor & More.



Call today to book your special event
Jaswinder (Jessie) Thandi
Ph: 604.951.2905
Cell: 604.825.8588
Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ
NOW HIRING
Email: info@universaltent.ca www.universaltent.ca

UNIVERSAL BUILDING MAINTENANCE LTD.
Since 1987




*RESIDENTIAL *COMMERCIAL *INDUSTRIAL
• Pressure Washing
• Carpet Cleaning
• Driveway Washing & Sealing
• Gutter Cleaning
• Floor Cleaning
• Waxing & Sealing
• New House Cleaning

Fast & Quality Service Reasonable Rates

Call Jaswinder (Jessie) Thandi
Cell: 604-377-2641
Bus: 604-951-2909
Website:www.universalbuildingmaintenance.ca
Email:universalbuildingmaintenance01@gmail.com

# .Ck Auto.

## CK AUTO SERVICES LTD.

SALE
BUY 4 TIRES & GET ALLIGNMENT AT 1/2 PRICE
FLAT TYRE REPAIR FREE

40% off

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ




Clearance Sale
*Limited Quantity

On All Seasons & Winter Tires
(Auplus & Comforser)





215/70R16
COMFORSER
Reg: ~~$155.00~~
Now : $70.00



235/65R17
COMFORSER
Reg: ~~$220.00~~
Now : $95.00




SALE
**Comforser**
Size: 205/60/16
Reg Price: ~~$110~~
Sale Price : $55



245/65R17
COMFORSER
Reg: ~~$240.00~~
Now : $100.00



215/70R15
GOOD YEAR INTEGRITY
Reg: ~~$120.00~~
Now : $90.00



**Auplus**
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ

ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

Cell: 778-322-1610, Tel: 604-592-2667 #106-13112-84th Ave.,Surrey



ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ
(India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI
CATERING

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ
ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

## ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

**30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530**



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*27 ਜਨਵਰੀ ਦਿਨ ਸ਼ਨਿਚਰਵਾਰ ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਦੁਪਹਿਰ ਦੇ ਲੰਗਰਾਂ ਦੀ ਸੇਵਾ ਗੁਰਪ੍ਰੀਤ ਸਿੰਘ ਔਜਲਾ ਪਰਿਵਾਰ ਵੱਲੋਂ

*27 ਜਨਵਰੀ ਦਿਨ ਸ਼ਨਿਚਰਵਾਰ ਸ਼ਾਮ ਦੇ ਲੰਗਰਾਂ ਦੀ ਸੇਵਾ ਸੁਖਮਿੰਦਰ ਸਿੰਘ ਪਰਿਵਾਰ ਵੱਲੋਂ

*27 ਜਨਵਰੀ ਦਿਨ ਸ਼ਨਿਚਰਵਾਰ ਗੁਰਮਤਿ ਸੈਂਟਰ ਦੇ ਬੱਚਿਆਂ ਵੱਲੋਂ ਪ੍ਰੋਗਰਾਮ ਸ਼ਾਮ 6 ਵਜੇ ਹੋਵੇਗਾ

*28 ਜਨਵਰੀ ਦਿਨ ਐਤਵਾਰ ਪਾਠ ਸੁਖਮਨੀ ਸਾਹਿਬ ਅਤੇ ਦੁਪਹਿਰ ਦੇ ਲੰਗਰਾਂ ਦੀ ਸੇਵਾ ਰਮਨਜੀਤ ਸਿੰਘ ਪਰਿਵਾਰ ਵੱਲੋਂ

*28 ਜਨਵਰੀ ਦਿਨ ਐਤਵਾਰ ਪਾਠ ਸੁਖਮਨੀ ਸਾਹਿਬ ਕੁਲਜੀਤ ਸਿੰਘ ਅਤੇ ਸਮੂਹ ਪਰਿਵਾਰ ਵੱਲੋਂ

*28 ਜਨਵਰੀ ਦਿਨ ਐਤਵਾਰ ਭੋਗ ਸ੍ਰੀ ਅਖੰਡਪਾਠ ਸਾਹਿਬ ਕਾਕਾ ਗੁਰਜੋਬਨ ਸਿੰਘ ਅਤੇ ਸਮੂਹ ਪਰਿਵਾਰ ਵੱਲੋਂ

*29 ਜਨਵਰੀ ਦਿਨ ਮੰਗਲਵਾਰ ਭੋਗ ਸ੍ਰੀ ਅਖੰਡਪਾਠ ਸਾਹਿਬ ਸ. ਹਰਦੀਪ ਸਿੰਘ ਮਾਂਗਟ ਅਤੇ ਲਖਵੀਰ ਸਿੰਘ ਗਰੇਵਾਲ ਪਰਿਵਾਰ ਵੱਲੋਂ

*31 ਜਨਵਰੀ ਦਿਨ ਬੁੱਧਵਾਰ ਭੋਗ ਸ੍ਰੀ ਅਖੰਡਪਾਠ ਸਾਹਿਬ ਬੀਬੀ ਹਰਪ੍ਰੀਤ ਕੌਰ ਅਤੇ ਪਰਮਿੰਦਰ ਸਿੰਘ ਸਮੂਹ ਪਰਿਵਾਰ ਵੱਲੋਂ

**ਬੁੱਧਵਾਰ ਅਤੇ ਐਤਵਾਰ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਬੀਬੀਆਂ ਵੱਲੋਂ ਮੇਨ ਹਾਲ ਵਿਚ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕੀਤੇ ਜਾਂਦੇ ਹਨ ਅਤੇ ਸੋਮਵਾਰ ਤੋਂ ਸ਼ੁੱਕਰਵਾਰ ਦੁਪਹਿਰ 1 ਵਜੇ ਤੋਂ 3 ਵਜੇ ਤੱਕ ਵਾਹਿਗੁਰੂ ਸਿਮਰਨ ਕੀਤਾ ਜਾਂਦਾ ਹੈ**

### ਸਵੇਰ ਦੇ ਨਿਤਨੇਮ

*ਪ੍ਰਕਾਸ਼ ਸਵੇਰੇ 3.30 ਵਜੇ *ਸਿਮਰਨ ਸਵੇਰੇ 4 ਵਜੇ ਤੋਂ 5 ਵਜੇ ਤੱਕ

*5 ਬਾਣੀਆਂ ਦੇ ਨਿਤਨੇਮ 5 ਵਜੇ ਤੋਂ 6.30 ਵਜੇ ਤੱਕ

*ਕੀਰਤਨ ਆਸਾ ਦੀ ਵਾਰ 6.30 ਤੋਂ 8 ਵਜੇ ਤੱਕ

*ਕਥਾ 8 ਵਜੇ ਤੋਂ 9 ਵਜੇ ਤੱਕ ਉਪਰੰਤ ਅਰਦਾਸ ਅਤੇ ਸਮਾਪਤੀ

### ਸ਼ਾਮ ਦੇ ਨਿਤਨੇਮ

*ਸ਼ਬਦ ਕੀਰਤਨ 2.45 ਤੋਂ 3.45 ਤੱਕ *ਸੋ-ਦਰ ਚੌਂਕੀ 3.45 ਤੋਂ 4.45 ਤੱਕ

*ਪਾਠ ਸ੍ਰੀ ਰਹਿਰਾਸ ਸਾਹਿਬ ਅਤੇ ਅਰਦਾਸ 4.45 ਤੋਂ 5.30

*ਆਰਤੀ ਚੌਂਕੀ 5.30 ਤੋਂ 6.15 *ਕਥਾ 6.15 ਤੋਂ 6.50 ਵਜੇ ਤੱਕ

*ਢਾਡੀ 6.50 ਤੋਂ 7.40 ਤੱਕ ਉਪਰੰਤ ਅਰਦਾਸ ਅਤੇ ਸਮਾਪਤੀ

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

**ਰਾਗੀ ਜਥੇ:ਭਾਈ ਗੁਰਇੰਦਰ ਸਿੰਘ ਜ਼ੀਰਾ ਵਾਲਿਆਂ ਦਾ ਜਥਾ, ਭਾਈ ਅਵਤਾਰ ਸਿੰਘ ਲੁਧਿਆਣਾ ਵਾਲੇ, ਢਾਡੀ ਜਥਾ:ਭਾਈ ਮਨਪ੍ਰੀਤ ਸਿੰਘ ਅਕਾਲਗੜ੍ਹ**




### ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

**ਗੁਰਦੁਆਰਾ ਸਾਹਿਬ:604-504-5530**

ਬਲਵੀਰ ਸਿੰਘ ਬਨਵੈਤ (ਪ੍ਰਧਾਨ):604-636-4247, ਮਨਜੀਤ ਸਿੰਘ ਗਰੇਵਾਲ (ਜਨਰਲ ਸੈਕਟਰੀ):778-908-1570

ਭਾਈ ਹਰਜੀਤ ਸਿੰਘ (ਹੈੱਡ ਗ੍ਰੰਥੀ):778-201-5310, ਭਾਈ ਬਲਵਿੰਦਰ ਸਿੰਘ ਭੌਰਲਾ (ਗ੍ਰੰਥੀ), ਭਾਈ ਹੁਸ਼ਿਆਰ ਸਿੰਘ (ਗ੍ਰੰਥੀ)

ਸਾਹ ਦੀ ਬਿਮਾਰੀ ਦੇ ਮੌਸਮ ਲਈ ਸਿਹਤਮੰਦ ਆਦਤਾਂ

# ਇਹ ਸਹੀ ਸਮਾਂ ਹੈ। ਫਲੂ ਅਤੇ ਅੱਪਡੇਟ ਕੀਤੇ ਕੋਵਿਡ ਸ਼ਾਟ ਲਗਵਾਓ।

**ਅਤੇ ਇਹਨਾਂ ਵਾਧੂ ਸਿਹਤਮੰਦ ਆਦਤਾਂ ਦੀ ਪਾਲਣਾ ਕਰਨਾ ਯਾਦ ਰੱਖੋ।**

- ਖੰਘਦੇ ਅਤੇ ਛਿੱਕਦੇ ਸਮੇਂ ਮੂੰਹ ਢਕੋ।
- ਆਪਣੇ ਹੱਥਾਂ ਨੂੰ ਵਾਰ-ਵਾਰ ਸਾਫ਼ ਕਰੋ ਜਾਂ ਸੈਨੇਟਾਈਜ਼ ਕਰੋ।
- ਜੇਕਰ ਤੁਸੀਂ ਬਿਮਾਰ ਹੋ ਤਾਂ ਘਰ ਰਹੋ।

**ਆਪਣੀ ਅਤੇ ਦੂਜਿਆਂ ਦੀ ਸੁਰੱਖਿਆ ਵਿੱਚ ਮਦਦ ਕਰੋ।**



BRITISH COLUMBIA

HealthyHabitsBC.ca

MB BRAR & Co.

Accounting & Business Professionals

**INCOME TAX** **ਇਨਕਮ ਟੈਕਸ**

Nil Income Still Eligible For Refunds. E-file For Faster Refunds

**ਸਾਨੂੰ ਵਧੀਆ ਅਤੇ ਭਰੋਸੇਯੋਗ ਸੇਵਾਵਾਂ ਲਈ ਮਿਲੋ:**

For Prompt, Polite And Professional Services, Please See Us

- Personal Tax (T1)
- Sole Proprietor
- Corporate Tax (T2)
- Partnerships
- GST, PST & HST
- WCB
- CRA Reviews
- Business Planning

- ਪਰਸਨਲ ਟੈਕਸ
- ਪ੍ਰੋਪਰਾਇਟਰ
- ਕੋਰਪੋਰੇਟ ਟੈਕਸ
- ਪਾਰਟਨਰਸ਼ਿਪ
- ਜੀ.ਐਸ.ਟੀ., ਪੀ.ਐਸ.ਟੀ. ਅਤੇ ਐਚ.ਐਸ.ਟੀ.
- ਡਬਲਿਊ.ਸੀ.ਬੀ.
- ਸੀ.ਆਰ.ਏ. ਰਿਵੀਉਜ਼
- ਬਿਜਨਿਸ ਪਲੈਨਿੰਗ

All Revenue Canada applications and inquiries.

**Mandeep Brar: 778-908-3317**

mandeep@brarco.ca



**Continental Immigration Solutions**

"Helping Make Canada Home"

- Super Visa
- Permanent Residence
- Study Permit
- Work Permit
- Provincial Nominations
- Spousal Sponsorship

- ਸੁਪਰ ਵੀਜ਼ਾ
- ਪਰਮਾਨੈਂਟ ਰੇਜ਼ੀਡੈਂਸ
- ਸਟੱਡੀ ਪਰਮਿਟ
- ਵਰਕ ਪਰਮਿਟ
- ਪ੍ਰੋਵਿੰਸ਼ੀਅਲ ਨੌਮੀਨੇਸ਼ਨਜ
- ਪਤੀ/ਪਤਨੀ ਸਪੌਂਸਰਸ਼ਿਪ

**Sukhvir Chand**
RCIC, BBA

sukh@cisonline.ca

**778-549-6851**

CAPIC ACCP

www.cisonline.ca
Commissioner of Oaths for British Columbia
Member of CAPIC

iccrc crcic

Unit 101 32883 South Fraser Way Abbotsford British Columbia V2S 2A6 | Tel: 604-852-3201 | Fax: 604-852-3284

# LANGLEY BANQUET HALL



ਵਿਆਹ-ਸ਼ਾਦੀ, ਜਨਮ ਦਿਨ ਜਾ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ

ਲੈਂਗਲੀ ਬੈਂਕੁਇਟ ਹਾਲ

ਬੁੱਕ ਕਰੋ।

- Wedding • Corporate Events
- Private Dinner • Bithday Parties
- Gurudwara and Live Catering

ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।

Call:Davinder Grewal

**604-537-9759**

info@langleybanquethall.com

3227 264 St UNIT #6, Aldergrove, BC V4W 2X3



# ਇੰਡੋ-ਕੈਨੇਡਾ ਟਰੈਵਲ ਏਜੰਸੀ

INDO CANADA TRAVEL AGENCY



## ਘੱਟ ਕਿਰਾਇਆ - ਸਹੀ ਸਲਾਹ

*Best Airfares with Quality Assistance*

ਇੰਡੀਆ ਅਤੇ ਦੁਨੀਆਂ ਭਰ ਵਿੱਚ ਕਿਤੇ ਵੀ ਜਾਣ-ਆਉਣ ਲਈ ਸਪੈਸ਼ਲ ਰੇਟ ਤੇ ਟਿੱਕਟਾਂ ਖ਼ਰੀਦੋ

+1 604 388 9696 , 604 503 8011


#217-8028-128St, Surrey, BC

(Little India Plaza) (Second Floor)



# DREAM BANQUET HALL

Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events




Dream Catering "Your Venue, Our Food"

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ, ਸੈਮੀਨਾਰ, ਫੰਡ ਰੇਜ਼ਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: **604-203-7272**

7236 -120St, Surrey, BC Email:info@dreambanquethall.ca



## ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ

ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ

ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)

ਨੂੰ ਫੋਨ ਕਰੋ: 604-518-3637


ਜਾਂ ਈਮੇਲ ਕਰੋ hssandhupcs@gmail.com





# FOR ALL YOUR DENTAL NEEDS

In Cloverdale & South Surrey



Dr. Inderpreet Sandhu
BDS, DDS

## CLOVERDALE VILLAGE DENTAL

Services Provided

- Dental Exams/X-rays
- Extractions/Oral Surgery
- Cleaning & Polishing
- Dentures & Mouth Guards
- Dental Fillings
- Teeth Whitening
- Crowns & Bridges
- Root Canal Treatment

A House of Family Dentistry

5635 - 176A Street, Surrey, BC
(across the street from Cloverdale Library)
Cloverdalevillagedental@gmail.com

**604-579-0102**

# ਭਾਰਤ ਦੇ ਗਣਤੰਤਰ ਦਿਹਾੜੇ 'ਤੇ ਵਿਸ਼ੇਸ਼:ਮਨੂਵਾਦੀ ਸੋਚ ਲਈ, ਭਾਰਤ ਹੈ ਬਦਨਾਮ



ਡਾ. ਗੁਰਵਿੰਦਰ ਸਿੰਘ

26 ਜਨਵਰੀ ਦੇ ਜਸ਼ਨਾਂ ਤੋਂ ਚਾਰ ਦਿਨ ਪਹਿਲਾਂ, 22 ਜਨਵਰੀ ਨੂੰ ਰਾਮ ਮੰਦਰ ਪ੍ਰਾਣ ਪ੍ਰਤਿਸ਼ਠਾ ਦੇ ਸਮਾਗਮਾਂ ਨੇ ਗਣਤੰਤਰ ਦਿਹਾੜੇ ਦੇ ਅਰਥ ਹੀ ਬਦਲ ਦਿੱਤੇ ਹਨ। ਸੰਵਿਧਾਨ ਅਨੁਸਾਰ ਗਣਰਾਜ ਭਾਰਤ ਨੂੰ 'ਧਰਮ ਨਿਰਪੱਖ' ਰਾਜ ਕਿਹਾ ਜਾਂਦਾ ਸੀ, ਪਰ 22 ਜਨਵਰੀ 2024 ਨੂੰ ਪੂਰੇ ਦੇਸ਼ ਨੂੰ ਹਿੰਦੂਤਵਈ ਰੰਗ ਵਿੱਚ ਰੰਗ ਕੇ, ਭਾਜਪਾ ਦੀ ਮੌਜੂਦਾ ਸਰਕਾਰ ਅਤੇ ਆਰਐਸਐਸ ਜਿਵੇਂ ਖੁਸ਼ੀਆਂ ਮਨਾ ਰਹੀ ਹੈ, ਉਸ ਤੋਂ ਇਉ ਜਾਪਦਾ ਹੈ ਭਾਰਤ ਵਿੱਚ 'ਧਰਮ ਨਿਰਪੱਖਤਾ' ਨਾਂ ਦੀ ਕੋਈ ਚੀਜ਼ ਬਚੀ ਹੀ ਨਹੀਂ। ਇਸ ਤੋਂ ਕੁਝ ਸਮਾਂ ਪਹਿਲਾਂ ਨਵੇਂ ਬਣਾਏ ਗਏ 'ਸੰਸਦ ਭਵਨ ਦਾ ਹਿੰਦੂਤਵੀਕਰਨ' ਅਤੇ ਹੁਣ ਮੰਦਿਰ ਦੇ ਨਾਂ ਤੇ ਖਾਸ ਕਿਸਮ ਦਾ ਮਨੂਵਾਦੀ ਸਿਮਰਤੀ ਵਾਲਾ ਪ੍ਰਚਾਰ 2024 ਦੀਆਂ ਚੋਣਾਂ ਲਈ ਭਾਜਪਾ ਦਾ ਅਜੰਡਾ ਹੈ। ਬਹੁ ਗਿਣਤੀ ਤਾਕਤਾਂ ਲਈ ਇਹ ਦਿਨ ਇਤਿਹਾਸ ਦਾ ਮਹੱਤਵਪੂਰਨ ਦਿਨ ਹੋ ਨਿਬੜਿਆ ਹੈ। ਇੱਕ ਹੋਰ ਅਹਿਮ ਗੱਲ ਹੈ ਕਿ ਜਾਣ ਬੁੱਝ ਕੇ ਜਾਂ ਸਬੱਬ ਨਾਲ ਇਹ ਦਿਨ ਇੱਕ ਸ਼ਰਮਨਾਕ ਘਟਨਾ ਨਾਲ ਜਾ ਜੁੜਿਆ ਹੈ, ਜਦੋਂ ਘੱਟ ਗਿਣਤੀਆਂ ਦੀ ਸੁਰੱਖਿਆ ਦੇ ਮਾਮਲੇ 'ਚ ਭਾਰਤ ਦੇ ਮੱਥੇ ਕਲੰਕ ਲੱਗਿਆ ਸੀ। 22 ਜਨਵਰੀ ਸੰਨ 1999 ਦੇ ਇਤਿਹਾਸ ਨੂੰ ਦੇਖੀਏ, ਤਾਂ ਦਿਲ ਕੰਬਾਊ ਘਟਨਾ ਸਾਹਮਣੇ ਆਉਂਦੀ ਹੈ, ਜਦੋਂ ਇਸਾਈ ਪ੍ਰਚਾਰਕ ਗ੍ਰਹਿਮ ਸਟੇਨ ਤੇ ਉਸ ਦੇ ਦੋ ਬੱਚਿਆਂ ਨੂੰ ਕੱਟੜਵਾਦੀ ਹਿੰਦੂਤਵੀ ਤਾਕਤਾਂ ਨੇ ਉੜੀਸਾ ਵਿੱਚ ਜਿਉਂਦਿਆਂ ਹੀ ਸਾੜ ਦਿੱਤਾ ਸੀ। ਇਹ ਦੋਵੇਂ ਹੀ ਇੱਕੋ ਇਤਿਹਾਸਕ ਤਾਰੀਖ 22 ਜਨਵਰੀ ਦੇ ਦਿਨ ਹਨ। ਬੇਸ਼ੱਕ ਪ੍ਰਾਣ ਪ੍ਰਤਿਸ਼ਠਾ ਦੇ ਮੌਕੇ 'ਤੇ ਵਿਰੋਧੀ ਧਿਰਾਂ ਵੱਲੋਂ ਨਾ ਆਉਣ ਦੇ ਸਿਆਸੀ ਕਾਰਨ ਦੱਸੇ ਗਏ ਹਨ ਜਾਂ ਸ਼ੰਕਰਾਚਾਰੀਆ ਵੱਲੋਂ ਇਸ ਨੂੰ ਕਾਹਲੀ ਨਾਲ ਵੋਟਾਂ ਖਾਤਰ ਕੀਤੇ ਗਏ ਅਡੰਬਰ ਕਰਾਰ ਦਿੱਤਾ ਗਿਆ ਹੈ, ਪਰ ਬਾਬਰੀ ਮਸਜਿਦ ਢਾਹੇ ਜਾਣ ਤੋਂ ਬਾਅਦ ਉਸ ਜਗ੍ਹਾ ਨੂੰ ਛੱਡ ਕੇ ਇੱਕ ਖਾਸ ਦੂਰੀ 'ਤੇ ਰਾਮ ਮੰਦਿਰ ਦੀ ਸਥਾਪਨਾ ਕਰਨੀ ਲੋਕਾਂ ਨੂੰ ਮੂਰਖ ਬਣਾਉਣ ਤੋਂ ਵੱਧ ਕੁਝ ਨਹੀਂ।

ਅਸਲ ਵਿੱਚ ਇਹ ਰਾਮ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਤੋਂ ਜ਼ਿਆਦਾ, ਆਉਂਦੇ ਸਮੇਂ ਬੀਜੇਪੀ ਦੀ ਭਾਰਤ ਦੇ ਸਿੰਘਾਸਣ ਤੇ ਬੈਠਣ ਲਈ ਪ੍ਰਾਣ ਪ੍ਰਤਿਸ਼ਟਾ ਦੀ ਕਹਾਣੀ ਜਾਪਦੀ ਹੈ, ਜੋ ਵੋਟਾਂ ਦੀ ਆਕਸੀਜਨ ਲੈਣ ਲਈ ਇਹ ਸਾਰਾ ਅਡੰਬਰ ਕਰ ਰਹੀ ਹੈ, ਜਿਸ ਨੂੰ ਦੇਖ ਕੇ ਆਮ ਲੋਕਾਂ ਦੇ ਮਨਾਂ ਵਿੱਚ ਇਹ ਖਿਆਲ ਆ ਰਹੇ ਹਨ :

ਮਨੂਵਾਦੀ ਸੋਚ ਲਈ, ਭਾਰਤ ਹੈ ਬਦਨਾਮ
ਜਿਸ ਦੀ ਬਗਲ 'ਚ ਹੈ ਛੁਰੀ, ਉਹ ਵੀ ਬੋਲੇ ਰਾਮ

ਇਤਿਹਾਸਕ ਪੱਖੋਂ 26 ਜਨਵਰੀ 1950 ਨੂੰ ਭਾਰਤ ਵਿੱਚ ਬਕਾਇਦਾ ਸੰਵਿਧਾਨ ਲਾਗੂ ਕੀਤਾ ਗਿਆ ਸੀ। ਡਾ ਬੀ ਆਰ ਅੰਬੇਦਕਰ ਨੇ ਚਾਹੇ ਸੰਵਿਧਾਨ ਸਿਰਜਕ ਕਮੇਟੀ ਦੀ ਅਗਵਾਈ ਕੀਤੀ ਸੀ, ਪਰ ਉਨ੍ਹਾਂ ਇਹ ਵੀ ਕਿਹਾ ਸੀ ਕਿ ਇਸ ਵਿਧਾਨ ਦੀ ਦੁਰਵਰਤੋਂ ਕੀਤੇ ਜਾਣ ਦੀ ਸੂਰਤ ਵਿੱਚ ਇਸ ਨੂੰ ਅੱਗ ਲਾਉਣ ਵਾਲਾ ਪਹਿਲਾ ਸ਼ਖ਼ਸ ਵੀ ਉਹ ਖੁਦ ਹੀ ਹੋਵੇਗਾ। ਸੱਤ ਦਹਾਕੇ ਬੀਤ ਜਾਣ ਮਗਰੋਂ ਇਉਂ ਮਹਿਸੂਸ ਹੁੰਦਾ ਹੈ ਫਾਸ਼ੀਵਾਦੀ ਅਤੇ ਮਜ਼ਬੀ ਜਨੂੰਨੀ ਸਰਕਾਰ ਨੇ ਸੰਵਿਧਾਨ ਦੀ ਰੂਹ ਦੀ ਹੱਤਿਆ ਕਰ ਦਿੱਤੀ ਹੈ। ਸੰਵਿਧਾਨ ਵਿਚਲੇ 'ਸੈਕੂਲਰਿਜ਼ਮ' ਭਾਵ ਧਰਮ ਨਿਰਪੱਖਤਾ ਦੇ ਸ਼ਬਦ ਚਾਹੇ 'ਲਿਖਤੀ ਰੂਪ 'ਚ ਅਜੇ ਹਟਾਏ' ਨਹੀਂ ਗਏ, ਪਰ ਸੱਤਾ ਤੇ ਸਥਾਪਤੀ ਨੇ ਆਪਣੇ ਵਿਹਾਰ ਤੇ ਕਿਰਦਾਰ ਵਿਚੋਂ ਇਹ ਕਦੋਂ ਦੇ ਖਤਮ ਕਰ ਦਿੱਤੇ ਹਨ। ਗਣਤੰਤਰ ਦਿਵਸ ਮੌਕੇ ਲਾਲ ਕਿਲੇ ਤੋਂ ਰਾਸ਼ਟਰੀ ਝੰਡੇ ਤਿਰੰਗੇ ਨੂੰ ਸਲਾਮੀ ਦਿੱਤੀ ਜਾ ਰਹੀ ਹੁੰਦੀ ਹੈ, ਪਰ ਅਸਲ ਵਿਚ ਬੇਵਸ ਅਤੇ ਲਾਚਾਰ ਦੇਸ਼ ਵਾਸੀਆਂ ਦੀ ਹਿੱਕ ਵਿਚ ਗੱਡਿਆ ਮਹਿਸੂਸ ਹੁੰਦਾ ਹੈ, ਜਿਵੇਂ ਕਿ ਸ਼ਾਇਰ ਸੁਰਜੀਤ ਪਾਤਰ ਲਿਖਦੇ ਹਨ,

''ਧੀਆਂ ਦੇ ਵਸੇਬੇ ਲਈ ਬਾਪੂ ਦੇਸ਼ ਛੱਡਿਆ
ਕਿੰਨਾ ਹੈ ਮਹਾਨ ਦੇਸ਼ ਓਦੋਂ ਪਤਾ ਲੱਗਿਆ
ਡੂੰਘਾ ਮੇਰੀ ਹਿੱਕ 'ਚ ਤਿਰੰਗਾ ਗਿਆ ਗੱਡਿਆ
ਝੂੱਲ ਓ ਤਿਰੰਗਿਆ ਤੂੰ ਝੂੱਲ ਸਾਡੀ ਖੈਰ ਏ
ਦਿਲ ਹੀ ਉਦਾਸ ਏ ਜੀ ਬਾਕੀ ਸਭ ਖੈਰ ਏ..''

ਭਾਰਤ ਦੇ 'ਗਣਰਾਜ' ਉੱਪਰ ਅੱਜ ਸੰਸਾਰ ਪੱਧਰ ਤੇ ਸਵਾਲ ਖੜ੍ਹੇ ਹੋ ਚੁੱਕੇ ਹਨ। ਜੇਕਰ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਗ਼ਦਰ ਪਾਰਟੀ ਨੇ ਕੈਨੇਡਾ - ਅਮਰੀਕਾ ਦੀ ਧਰਤੀ ਤੋਂ ਭਾਰਤ ਨੂੰ ਬ੍ਰਿਟਿਸ਼ ਸਾਮਰਾਜ ਤੋਂ ਆਜ਼ਾਦ ਕਰਵਾਉਣ ਦਾ ਬਿਗਲ ਬਜਾਇਆ ਸੀ। ਗ਼ਦਰੀ ਬਾਬਿਆਂ ਨੇ ਆਜ਼ਾਦ ਦੇਸ਼ ਲਈ ਨਾਂ 'ਯੂਨਾਈਟਿਡ ਸਟੇਟਸ ਆਫ਼ ਇੰਡੀਆ' ਦਿੱਤਾ ਸੀ, ਜਿਸ ਦਾ ਭਾਵ ਸੀ ਮਜ਼ਬੂਤ ਸੰਘੀ ਢਾਂਚਾ ਭਾਵ ਦੇਸ਼ ਦੇ ਸਮੂਹ ਰਾਜ, ਉਥੋਂ ਦੇ ਭਾਈਚਾਰੇ, ਮੂਲਵਾਸੀ ਤੇ ਘੱਟ ਗਿਣਤੀਆਂ ਆਪਣਾ ਸਭਿਆਚਾਰ, ਪਹਿਰਾਵੇ, ਖਾਣ- ਪੀਣ, ਬੋਲ - ਚਾਲ ਅਤੇ ਰਹਿਣ-ਸਹਿਣ ਦਾ ਪੂਰਨ ਆਨੰਦ ਮਾਣ ਸਕਣ। ਇਸ ਦਾ ਭਾਵ ਇਹ ਵੀ ਸੀ ਕਿ ਨਾ ਤਾਂ ਸੱਤਾ ਦਾ ਭਾਰੀ 'ਕੇਂਦਰੀਕਰਨ' ਹੋਵੇ ਅਤੇ ਨਾ ਹੀ ਰਾਜਨੀਤੀ ਦਾ 'ਧਰੁਵੀਕਰਨ'। ਸੰਘੀ ਢਾਂਚੇ 'ਚ ਕੇਂਦਰ ਆਪਣੇ ਸੂਬਿਆਂ ਦੀਆਂ ਸਰਕਾਰਾਂ ਧੱਕੇਸ਼ਾਹੀ ਨਾਲ ਤੰਗ ਨਾ ਕਰੇ ਅਤੇ ਕੇਂਦਰੀ ਸਰਕਾਰ ਸੁਆਰਥ ਲਈ, ਸਿਆਸੀ ਵਿਰੋਧੀਆਂ ਦਾ ਅੰਤ ਨਾ ਕਰੇ। ਗ਼ਦਰੀ ਬਾਬਿਆਂ ਦੀ ਇਸ ਸੋਚ ਦਾ ਜਿਵੇਂ ਕਤਲ ਹੋ ਰਿਹਾ ਹੈ, ਜਿਸ ਦੀਆਂ ਅਨੇਕਾਂ ਮਿਸਾਲਾਂ ਮੌਜੂਦਾ ਆਜ਼ਾਦ ਭਾਰਤ ਦੇ ਸੰਘੀ ਢਾਂਚੇ 'ਤੇ ਸੁਆਲ ਖੜੇ ਕਰਦੀਆਂ ਹਨ।

ਸੱਚ ਤਾਂ ਇਹ ਹੈ ਕਿ ਗ਼ਦਰੀ ਬਾਬਿਆਂ ਦੇ ਸੁਪਨਿਆਂ ਨਾਲ ਉਦੋਂ ਹੀ ਖਿਲਵਾੜ ਹੋ ਗਿਆ ਸੀ, ਜਦੋਂ ਦੇਸ਼ ਦੇ ਦੋ ਟੁਕੜੇ ਹੋਏ ਸਨ। ਲੱਖਾਂ ਲੋਕ ਮਾਰੇ ਗਏ ਸਨ। ਪੰਜਾਬ ਦੋ ਹਿੱਸਿਆਂ ਚ ਵੰਡ ਦਿੱਤਾ ਗਿਆ ਸੀ। ਇਕ ਅੰਦਾਜ਼ੇ ਅਨੁਸਾਰ ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਵਿਚ ਪੰਜ-ਪੰਜ ਲੋਕਾਂ ਲੱਖ ਲੋਕਾਂ ਦੇ ਕਤਲ ਹੋਏ। ਅਜਿਹੇ ਦੁਖਾਂਤ ਨੂੰ ਜਸ਼ਨ ਵਜੋਂ ਮਨਾਉਣਾ ਕਿੱਥੋਂ ਤੱਕ ਜਾਇਜ਼ ਹੈ? ਇਹ ਬੌਧਿਕ ਦੀਵਾਲੀਆਪਣ ਨਹੀਂ ਤਾਂ ਹੋਰ ਕੀ ਹੈ? ਅਜਿਹੇ ਦੁਖਾਂਤ 'ਤੇ ਮਾਤਮ ਮਨਾਉਣ ਦੀ ਲੋੜ ਹੈ, ਨਾ ਕਿ ਜਸ਼ਨ ਮਨਾਉਣ ਦੀ।

"ਇਕ ਜਨਵਰੀ ਏ ਛੱਬੀ, ਜਾਂ ਪੰਦਰਾਂ ਅਗਸਤ ਏ,
ਰਸਮੀ ਪਲਾਂ ਨੂੰ ਛੱਡ ਕੇ ਸਾਲਾਂ ਦੇ ਸਾਲ ਤੜਪੇ।
ਖ਼ੁਦ.ਗਰਜ਼ ਦੌਰ ਨੇ ਇਕ ਐਸੀ ਲਕੀਰ ਖਿੱਚੀ,
ਓਧਰ ਨਸੀਮ ਵਿਲਕੇ, ਏਧਰ ਜਮਾਲ ਤੜਪੇ।
ਬੇਬਸ ਅਦਾ 'ਚ ਆ ਕੇ ਕਦਮਾਂ ਜਾਂ ਤਾਲ ਤੋਲੀ,
ਪਾਇਲ 'ਚ ਘੁੰਗਰੂ ਵੀ ਹਾਲੀਂ ਬੇਹਾਲ ਤੜਪੇ।
ਆਜ਼ਾਦ ਅਰਥਚਾਰੇ ਐਸਾ ਵਿਕਾਸ ਕੀਤਾ,
ਮੰਡੀ 'ਚ ਲੁੱਟ ਨੱਚੇ, ਕਿਰਤੀ ਦੀ ਘਾਲ ਤੜਪੇ।

ਭਾਰਤ ਦੇ ਗਣਤੰਤਰ ਦਿਹਾੜੇ 26 ਜਨਵਰੀ ਜਾਂ ਭਾਰਤ ਦੇ ਸੁਤੰਤਰਤਾ ਦਿਹਾੜੇ ਪੰਦਰਾਂ ਅਗਸਤ ਮਨਾਉਣ ਬਾਰੇ ਮਰਹੂਮ ਸ਼ਾਇਰ ਹਰਭਜਨ ਸਿੰਘ ਬੈਂਸ ਦੇ ਇਹ ਸ਼ਿਅਰ ਗੌਰ ਕਰਨਯੋਗ ਹਨ, ਜਿਨ੍ਹਾਂ ਰਾਹੀਂ ਕਵੀ ਨੇ ਦਰਦ ਦਾ ਇਜ਼ਹਾਰ ਕਰਦਿਆਂ ਲਿਖਿਆ ਹੈ ਕਿ ਇਹ 'ਜਸ਼ਨ ਮਹਿਜ਼ ਰਸਮੀ ਪਲ' ਹਨ, ਜਦਕਿ ਹਕੀਕਤ ਵਿਚ ਦਰਦਨਾਕ ਹਾਲਾਤ ਹਨ। ਕਿਰਤੀ ਕਿਸਾਨਾਂ ਦੀ ਘਾਲ ਕਮਾਈ ਨੂੰ 'ਅਡਾਨੀ- ਅੰਬਾਨੀ' ਵਰਗੇ ਬਘਿਆੜ ਲੁੱਟੀ ਜਾ ਰਹੀ ਹਨ ਅਤੇ ਸਰਕਾਰ ਉਨ੍ਹਾਂ ਦੀ ਪੁਸ਼ਤਪਨਾਹੀ ਕਰਦੀ ਹੋਈ, ਉਨ੍ਹਾਂ ਦੇ ਹੱਥਾਂ 'ਚ ਖੇਡ ਰਹੀ ਹੈ। ਬੀਤੇ ਸਮੇਂ ਦੌਰਾਨ ਸਰਕਾਰ ਦੇ ਅਜਿਹੇ ਹੀ ਕਿਸਾਨ-ਵਿਰੋਧੀ ਕਾਲੇ-ਕਾਨੂੰਨਾਂ ਖ਼ਿਲਾਫ਼ ਜੂਝਦਿਆਂ, ਸੱਤ ਸੌ ਤੋਂ ਵੱਧ ਕਿਸਾਨ ਸ਼ਹੀਦੀਆਂ ਪਾ ਚੁੱਕੇ ਹਨ ਭਾਰਤ ਦੀਆਂ ਸੂਬਾਈ ਅਤੇ ਕੇਂਦਰੀ ਸਰਕਾਰਾਂ ਦੇ ਜਬਰ ਖਿਲਾਫ ਰੋਸ ਪ੍ਰਦਰਸ਼ਨ ਲਗਾਤਾਰ ਜਾਰੀ ਹਨ। ਅਜਿਹੇ ਦੁਖਾਂਤ ਮੌਕੇ ਜਸ਼ਨ ਮਨਾਉਣੇ ਆਪਣੇ ਆਪ ਵਿਚ ਸ਼ਰਮਨਾਕ ਅਤੇ ਨਿੰਦਣਯੋਗ ਵਰਤਾਰਾ ਹੀ ਕਹੇ ਜਾ ਸਕਦੇ ਹਨ।

ਜਦੋਂ ਵੀ ਭਾਰਤ ਦੇਸ਼ ਦੇ ਲੋਕਤੰਤਰਿਕ ਢਾਂਚੇ ਬਾਰੇ

( ਬਾਕੀ ਸਫਾ ਏ20 ਤੇ)







TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

www.akalisinghgurdwara.ca

27 ਜਨਵਰੀ, ਦਿਨ ਸ਼ਨਿੱਚਰਵਾਰ......ਸ਼ਾਮ ਨੂੰ ਲੰਗਰ ਦੀ ਸੇਵਾ ਡਾਕਟਰ ਦਵਿੰਦਰ ਸਿੰਘ ਭੱਚੂ ਅਤੇ ਪਰਿਵਾਰ ਵਲੋਂ ਹੋਵੇਗੀ।

28 ਜਨਵਰੀ, ਦਿਨ ਐਤਵਾਰ..........ਸਵੇਰੇ 8:00 ਵਜੇ ਤੋਂ 12:00 ਵਜੇ ਤੱਕ ਸ਼ਹੀਦ ਭਾਈ ਮੇਵਾ ਸਿੰਘ ਦੀ ਯਾਦ ਵਿਚ ਦੀਵਾਨ ਸਜਣਗੇ।

4 ਫਰਵਰੀ, ਦਿਨ ਐਤਵਾਰ...........ਸਵੇਰ ਨੂੰ 8:00 ਵਜੇ ਤੋਂ 12:00 ਵਜੇ ਤੱਕ ਗੁਰੂ ਹਰਿ ਰਾਏ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾਵੇਗਾ, ਲੰਗਰ ਦੀ ਸੇਵਾ ਬੀਬੀ ਰਾਨੀ ਢਿੱਲੋਂ ਅਤੇ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇਂ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 12:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ     ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਈਸਾਈਅਤ ਦਾ ਫੈਲ ਰਿਹਾ ਮੱਕੜ-ਜਾਲ ਕੇਵਲ ਪਖੰਡ, ਝੂਠ ਅਤੇ ਸਾਡੇ 'ਕਰਾਮਾਤੀ' ਬਾਬਿਆਂ ਵਾਲੇ ਰਾਹ 'ਤੇ ਚਲ ਕੇ

ਫੁਨਜਓਬ 'ਾਸ: ਦਸ ਪਾਤਸ਼ਾਹੀਆਂ ਦੀ ਸਰਜ਼ਮੀਂ, ਰਿਸ਼ੀਆਂ-ਮੁਨੀਆਂ ਦੀ ਪਵਿੱਤਰ-ਛੋਹ ਨਾਲ ਸਰਸ਼ਾਰੀ ਧਰਤੀ ਤੇ ਪਿੰਡ-ਪਿੰਡ, ਨਗਰ-ਨਗਰ ਉਸਰੇ ਹਜ਼ਾਰਾਂ ਨਹੀਂ ਲੱਖਾਂ ਗੁਰਦਵਾਰੇ (ਇਕੱਲੇ ਪਟਿਆਲਾ ਸ਼ਹਿਰ ਤੇ ਚੌਗਿਰਦੇ 'ਚ ਹੀ ਅਸੀਂ 180 ਗਿਣੇ ਸਨ) ਕਾਇਮ ਦਾਇਮ ਹੁੰਦਿਆਂ, ਇਸ ਵੇਲੇ 65000 ਪਾਦਰੀਆਂ ਵਲੋਂ ਪੰਜਾਬ ਦੇ ਚੱਪੇ-ਚੱਪੇ 'ਤੇ ਈਸਾਈਅਤ ਦਾ ਪ੍ਰਚਾਰ ਤੇ ਪ੍ਰਸਾਰ, ਆਖ਼ਰ ਕਿੱਧਰ ਸੰਕੇਤ ਕਰਦਾ ਹੈ? ਪਤਿਤਪੁਣੇ ਦੇ ਬੋਲਬਾਲੇ ਦੇ ਅਨੇਕਾਂ ਕਾਰਨ ਗਿਣਾਏ ਜਾਂਦੇ ਹਨ ਪਰ 'ਪਗੜੀ ਵਾਲੇ ਈਸਾਈ' ਜਦੋਂ ਪਿੰਡ-ਪਿੰਡ ਨਜ਼ਰੀਂ ਪੈਣ ਲੱਗ ਜਾਣ ਤਾਂ ਸਾਡੇ ਮਰਨ-ਡੁੱਬਣ ਦਾ ਸਬੱਬ ਦੂਰ ਨਹੀਂ।

ਮਾਝਾ ਕਦੇ ਸਿੱਖੀ ਦਾ ਗੜ੍ਹ! ਮਾਝਾ-ਗੁਰੂ ਪਾਤਸ਼ਾਹਾਂ ਦੀ ਚਰਨ-ਛੋਹ ਨਾਲ ਵਰੋਸਾਈ ਭੋਇੰ!! ਮਾਝਾ ਜਿਹੜੀ ਬਾਬਾ-ਬੁੱਢਾ ਜੀ, ਭਾਈ ਮੰਝ, ਭਾਈ ਲੰਗਾਹ, ਭਾਈ ਬਹਿਲੋ ਤੇ ਬੇਹਿਸਾਬ ਗੁਰਸਿੱਖਾਂ ਤੇ ਅਨਿਨ ਪਿਆਰਿਆਂ ਦੀ ਧਰਤੀ ਰਹੀ ਹੈ!! ਮਾਝਾ ਜੋ ਅਨੇਕਾਂ ਗੁਰੂ-ਨਿਵਾਜੇ ਨਗਰਾਂ ਦੀ ਸ਼ਾਨ ਰਿਹੈ, ਅੱਜ ਈਸਾਈਅਤ ਦਾ ਗੜ੍ਹ ਬਣ ਚੁੱਕਾ ਹੈ। ਤਰਨ ਤਾਰਨ, ਅੰਮ੍ਰਿਤਸਰ ਤੇ ਗੁਰਦਾਸਪੁਰ ਤੋਂ ਮਿਲੇ ਅੰਕੜੇ ਤ੍ਰਾਹੁਣੇ ਤੇ ਸਾਹ ਸੂਤਵੇਂ ਹਨ ਜਿੱਥੇ ਪੂਰੇ ਧੜੱਲੇ ਨਾਲ ਈਸਾਈ ਧਰਮ ਦੀ ਲਹਿਰ ਚਲ ਰਹੀ ਹੈ। ਉਂਜ ਤਾਂ ਪੰਜਾਬ 'ਚ ਹਰ ਪਿੰਡ ਤੇ ਹਰ ਗਲੀ ਵਿਚ ਧਰਮ ਪਰਿਵਰਤਨ ਕੀਤਾ ਜਾ ਰਿਹੈ

ਪਰ ਸਰਹੱਦੀ ਕਸਬਿਆਂ ਤੇ ਥਾਵਾਂ 'ਤੇ ਇਸ ਦੀ ਗਤੀ ਬੜੀ ਤੇਜ਼ ਹੈ। ਗ਼ੁਰਬਤ, ਬੀਮਾਰੀ, ਲਾਚਾਰੀ, ਅਨਪੜ੍ਹਤਾ ਤੇ ਵਿਚਾਰਗੀ ਦੀ ਆੜ 'ਚ ਭੋਲੇ ਭਾਲੇ ਲੋਕਾਂ ਲਈ ਈਸਾ ਨੂੰ ਇਕ ਜਾਦੂਗਰ ਵਾਂਗ ਦਰਸਾ ਕੇ, ਆਰਥਕ ਮਦਦ ਕਰ ਕੇ, ਉਨ੍ਹਾਂ ਲਈ ਘਰ ਮਕਾਨ ਛੱਤ ਕੇ ਤੇ ਬੀਮਾਰੀ ਦਾ ਇਲਾਜ ਕਰ ਕੇ, ਇਹ ਚਾਲਾਕ ਪਾਦਰੀ ਅਪਣਾ ਉੱਲੂ ਸਿੱਧਾ ਕਰ ਰਹੇ ਹਨ। ਸਾਡੀਆਂ ਸ਼੍ਰੋਮਣੀ ਸੰਸਥਾਵਾਂ ਗੋਲਕਾਂ ਦੇ ਪੈਸੇ ਗਿਣ ਕੇ ਸਿਆਸਤ ਕਰਨ ਅਤੇ ਅਪਣੇ ਲਗਦਿਆਂ ਦੀ ਹਾਜ਼ਰੀ ਭਰਨ ਤੇ ਅਪਣੀ ਕੁਰਸੀ ਤਕ ਸੀਮਤ ਹੋ ਚੁਕੀਆਂ ਹਨ।

ਪਿਛਲੇ ਸਮੇਂ ਵਿਚ ਅਪਣੇ ਨਾਲ ਵਾਪਰੀਆਂ ਦੋ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਕਰ ਕੇ 9ਨਦਿਓ "ਦਓ ਵਲੋਂ ਇਕੱਤਰ ਅੰਕੜਿਆਂ 'ਤੇ ਕੇਂਦਰਤ ਕਰਨ ਦੀ ਕੋਸ਼ਿਸ਼ ਕਰਾਂਗੀ। ਸਾਡੇ ਘਰ ਦੇ ਨੇੜੇ ਰਹਿੰਦੀ ਇਕ ਮਾਲਸ਼ਣ ਨੂੰ ਅਕਸਰ ਮੈਂ ਅਪਣੇ ਘਰ ਮਾਲਿਸ਼ ਲਈ ਬੁਲਾ ਲੈਂਦੀ ਸਾਂ ਜੋ ਦੇਸੀ ਮਾਲਿਸ਼ ਦੀ ਮੰਨੀ ਪ੍ਰਮੰਨੀ ਬੀਬੀ ਸੀ। ਇਕ ਦਿਨ ਕਹਿਣ ਲੱਗੀ ਕਿ ਮੈਂ ਬਹੁਤ ਕਾਹਲੀ 'ਚ ਹਾਂ ਕਿਉਂਕਿ ਮੈਂ ਗਿਰਜੇ ਜਾਣਾ ਹੈ। ਮੇਰੇ ਵਲੋਂ ਸਵਾਲ ਦਰ ਸਵਾਲ ਪੁੱਛੇ ਜਾਣ 'ਤੇ, ਇਕੋ ਗੱਲ ਸੁਣ ਕੇ ਉਹ ਇਸ ਕਦਰ ਨਾਰਾਜ਼ ਹੋ ਗਈ ਕਿ ਮੁੜ ਕੇ ਉਸ ਨੇ ਕਦੇ ਮੇਰੇ ਘਰ ਫੇਰਾ ਨਾ ਪਾਇਆ।

ਮੈਂ ਕਹਿ ਬੈਠੀ ਕਿ ''ਜਿੱਥੋਂ ਦਾ ਤੁਸੀਂ ਖਾਂਦੇ ਹੋ, ਰਹਿੰਦੇ ਹੋ, ਉਸ ਧਰਤੀ ਨਾਲ ਇਸ ਕਦਰ ਬੇਵਫ਼ਾਈ? ਕਿਉਂ ਜਾਂਦੀ ਏਂ ਗਿਰਜਾ ਤੂੰ? ਸਾਡੇ ਦੇਖਦਿਆਂ ਦੇਖਦਿਆਂ ਤੇਰੀ ਧੀ ਨੇ ਖ਼ੁਦਕਸ਼ੀ ਕਰ ਲਈ, ਨੂੰਹ ਬੱਚੇ ਲੈ ਕੇ ਪੇਕੇ ਜਾ ਬੈਠੀ, ਛੋਟਾ ਲੜਕਾ ਪ੍ਰਦੇਸੀ ਹੋ ਗਿਆ, ਕੀ ਦਿਤੈ ਤੈਨੂੰ ਈਸਾਈਅਤ ਨੇ?'' ਦਰਅਸਲ, ਗਿਰਜੇ ਵਾਲਿਆਂ ਨੇ ਇਹਦੀ ਛੱਤ ਪੁਆ ਕੇ ਜਿਵੇਂ ਇਸ ਟੱਬਰ ਨੂੰ ਖ਼ਰੀਦ ਲਿਆ ਹੋਵੇ, ਜੋ ਹੁਣ ਕਿਸੇ ਕੀਮਤ 'ਤੇ ਇਸ ਤੋਂ ਵੱਖ ਹੋਣ ਨੂੰ ਤਿਆਰ ਨਹੀਂ।

ਇਵੇਂ ਹੀ ਦੂਜਾ ਵਾਕਿਆ, ਸਨੌਰ ਲਾਗਲੇ ਇਕ ਪਿੰਡ ਦਾ ਹੈ ਜਿੱਥੇ ਅਖ਼ਬਾਰ 'ਚੋਂ ਖ਼ਬਰ ਪੜ੍ਹ ਕੇ ਮੈਂ ਅਪਣੇ ਸਾਥੀਆਂ ਸਮੇਤ ਪਿੰਡ ਦੀ ਪਛੜੀ ਹੋਈ ਬਸਤੀ ਦੇ ਇਕ ਘਰ 'ਚ ਪਹੁੰਚੀ ਸੀ ਜਿਸ ਦੀ ਛੱਤ ਮੀਂਹ 'ਚ ਡਿਗ ਚੁੱਕੀ ਸੀ ਤੇ ਉਹ ਸੱਤ ਧੀਆਂ ਵਾਲਾ ਘਰ ਸੀ ਜੋ ਬਰਸਾਤ 'ਚ ਗਵਾਂਢੀਆਂ ਦੇ ਘਰਾਂ 'ਚ ਸ਼ਰਨ ਲਈ ਬੈਠੇ ਸਨ। ਪੈਸੇ ਜਾਂ ਛੱਤ ਲਈ ਮੈਟੀਰੀਅਲ 'ਚੋਂ ਕੀ ਲੈਣਾ ਹੈ, ਦਾ ਫ਼ੈਸਲਾ ਕਰਨ ਵਾਲਾ ਘਰ 'ਚ ਕੋਈ ਵੱਡਾ ਨਹੀਂ ਸੀ। ਧੀਆਂ ਦੇ ਮਾਪੇ ਕਿਸੇ ਗਿਰਜੇ ਵਲ ਗਏ ਹੋਏ ਸਨ ਜਿਸ ਬਾਰੇ ਉਹ ਖੁਲ੍ਹ ਕੇ ਨਹੀਂ ਸਨ ਦੱਸ ਰਹੀਆਂ। ਅਖ਼ੀਰ ਅਸੀਂ ਛੱਤ ਜੋਗੇ ਪੈਸੇ ਦੇ ਕੇ ਮੁੜ ਆਏ ਤੇ ਮਹੀਨੇ ਕੁ ਬਾਅਦ ਫਿਰ ਗੇੜਾ ਮਾਰਿਆ। ਇਸ ਵਾਰ ਵੀ ਰਾਸ਼ਨ-ਪਾਣੀ ਤੇ ਹੋਰ ਨਿਕ ਸੁਕ ਦੇ ਕੇ ਅਸੀਂ ਫਿਰ ਅਗਲੇ ਟੂਰ 'ਤੇ ਨਿਕਲ ਗਏ।

ਅਗਲੇ ਸਾਲ ਘੱਗਰ 'ਚ ਹੜ੍ਹ ਆਇਆ ਤਾਂ ਇਹ ਇਲਾਕਾ ਵੀ ਘੱਗਰ ਦੀ ਮਾਰ ਵਾਲਾ ਬਣ ਗਿਆ। ਪਿੰਡਾਂ 'ਚ ਰਾਸ਼ਨ-ਪਾਣੀ ਵੰਡਦੇ ਅਸੀਂ ਇਸ ਪਿੰਡ ਤੇ ਇਸ ਪ੍ਰਵਾਰ ਦੀ ਮਦਦ ਲਈ ਵੀ ਬਹੁੜੇ। ਸਰਪੰਚ ਤੋਂ ਪਤਾ ਲੱਗਾ ਕਿ ਇਹ ਸਾਰੀ ਬਸਤੀ ਈਸਾਈ ਬਣ ਚੁੱਕੀ ਹੈ, ਇਸ ਲਈ ਅਸੀਂ ਇਨ੍ਹਾਂ ਨਾਲ ਕੋਈ ਮੇਲ ਗੇਲ ਨਹੀਂ ਰਖਦੇ। ਜਦੋਂ ਮੈਂ ਉਨ੍ਹਾਂ ਧੀਆਂ ਨੂੰ ਪੁਛਿਆ ਕਿ ਛੱਤ ਪੁਆਉਣ ਵੇਲੇ ਉਹ ਕਿਉਂ ਨਹੀਂ ਬਹੁੜੇ? ਤਾਂ ਪਤਾ ਲੱਗਾ ਕਿ ਈਸਾਈਅਤ ਨੂੰ ਪ੍ਰਣਾਏ ਪ੍ਰਵਾਰਾਂ 'ਚ ਪਾਦਰੀ ਕਿਸੇ ਹੋਰ ਦਾ ਦਖ਼ਲ ਬਰਦਾਸ਼ਤ ਨਹੀਂ ਕਰਦੇ ਤੇ ਗੁਰੂ ਨਾਨਕ ਨਹੀਂ ਸਿਰਫ਼ ਈਸਾ ਮਸੀਹ 'ਤੇ ਹੀ ਈਮਾਨ ਰੱਖਣ ਲਈ ਕਹਿੰਦੇ ਹਨ। ਐਨੀ ਮਦਦ ਦੇ ਬਾਵਜੂਦ, ਉਹ ਕੁੜੀਆਂ ਸਿੱਖੀ 'ਚ ਪਰਤਣ ਲਈ ਰਾਜ਼ੀ ਨਾ ਹੋਈਆਂ।

ਕੋਰੋਨਾ ਦੇ ਕਰਫ਼ਿਊ ਦੌਰਾਨ ਜਦੋਂ ਉਹ ਵਾਰ-ਵਾਰ ਮਦਦ ਦੀ ਗੁਹਾਰ ਲਾਉਂਦੀਆਂ ਸਨ ਤਾਂ ਦਿਲੋਂ ਮਨੋਂ ਚਾਹੁੰਦਿਆਂ ਵੀ ਅਸੀਂ ਦੁਬਾਰਾ ਉਧਰ ਨਾ ਗਏ ਕਿਉਂਕਿ ਮਨ 'ਚ ਇਕ ਰੋਸ ਸੀ ਕਿ ਅਪਣੇ ਜਾਨ ਤੋਂ ਪਿਆਰੇ ਪੰਜਾਬ ਨੂੰ ਈਸਾਈਅਤ ਵਿਚ ਰੰਗਣ ਵਾਲੇ ਇਨ੍ਹਾਂ ਮੱਕਾਰ ਲੋਕਾਂ ਨੂੰ ਦੋਵੇਂ ਹੱਥੀਂ ਸ਼ੀਰਨੀ ਕਿਉਂ ਵੰਡੀਏ? ਖ਼ੈਰ! ਇਹ ਕਹਾਣੀ ਕੇਵਲ ਇਕ ਪਿੰਡ, ਸ਼ਹਿਰ, ਬਸਤੀ ਤੇ ਇਲਾਕੇ ਦੀ ਨਹੀਂ ਰਹਿ ਗਈ, ਪੂਰਾ ਪੰਜਾਬ ਇਸੇ ਦੀ ਲਪੇਟ ਵਿਚ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਨੇ ਬੀਤੇ ਵਰ੍ਹੇ ਬਹੁਤ ਸੰਜੀਦਗੀ ਨਾਲ ਇਸ ਵਬਾ ਵੰਨੀ ਧਿਆਨ ਦਿਵਾਉਣ ਦੀ ਦਲੇਰੀ ਕੀਤੀ ਸੀ ਪ੍ਰੰਤੂ ਸ਼੍ਰੋਮਣੀ ਕਮੇਟੀ ਵਾਲਿਆਂ ਨੇ ਇਸ ਗੱਲ ਨੂੰ ਅਣਗੌਲਿਆਂ ਕਰ ਦਿਤਾ ਸੀ ਕਿਉਂਕਿ ਉਨ੍ਹਾਂ ਲਈ ਕੋਈ ਸਿਰਸੇ ਜਾਵੇ ਜਾਂ ਈਸਾਈ ਬਣ ਜਾਵੇ, ਉਨ੍ਹਾਂ ਦੀਆਂ ਕੁਰਸੀਆਂ ਸਲਾਮਤ ਹਨ ਤੇ ਇਹ ਸਲਾਮਤ ਰਹਿਣੀਆਂ ਚਾਹੀਦੀਆਂ ਨੇ। ਇਸੇ ਲਈ ਸਾਡੇ ਪ੍ਰਧਾਨ ਜੀ ਦਾ ਤਰਕ ਹੈ ਕਿ ''ਲੋਕ ਜ਼ਿੰਦਗੀ ਦੀਆਂ ਸਮੱਸਿਆਵਾਂ ਦੇ ਹੱਲ ਲਈ ਪਾਦਰੀਆਂ ਕੋਲ ਜਾਂਦੇ ਹਨ। ਦੇਰ-ਸਵੇਰ ਉਨ੍ਹਾਂ ਨੂੰ ਸਚਾਈ ਪਤਾ ਲੱਗ ਜਾਵੇਗੀ ਤੇ ਉਹ ਅਪਣੇ ਮੂਲ ਧਰਮ ਵਲ ਮੁੜ ਆਉਣਗੇ।''

'ਘਰ-ਘਰ ਅੰਦਰ ਧਰਮਸ਼ਾਲ' ਵਾਲਾ ਗੁਰੂ ਪਾਤਸ਼ਾਹੀਆਂ ਦਾ ਸੁਨੇਹਾ ਆਖ਼ਰ ਕਿੱਥੇ ਗ਼ਾਇਬ ਕਰ ਦਿਤਾ ਗਿਆ? ਪੰਜ ਕੁ ਸਦੀਆਂ 'ਚ ਹੀ ਇਸ ਬ੍ਰਹਿਮੰਡੀ ਫ਼ਲਸਫ਼ੇ ਨੂੰ ਗ੍ਰਹਿਣ ਕਿਉਂ ਲਾ ਦਿਤਾ ਗਿਆ ਹੈ? ਸਾਲ 1873 ਵਿਚ ਚਾਰ ਸਿੱਖ ਵਿਦਿਆਰਥੀਆਂ ਦੇ ਈਸਾਈਅਤ ਵਲ ਜਾਣ ਦੀ ਖ਼ਬਰ ਨੇ ਤਰਥੱਲੀ ਮਚਾ ਕੇ ਰੱਖ ਦਿਤੀ ਸੀ ਤੇ ਸਿਆਣਿਆਂ ਨੇ ਸਿਰ ਜੋੜ ਕੇ ਉਸੇ ਸਮੇਂ ਸਿੰਘ ਸਭਾ ਲਹਿਰ ਸਿਰਜ ਦਿਤੀ ਸੀ ਪਰ ਅੱਜ ਅਸੀਂ ਕਿੱਥੇ ਗ਼ਰਕ ਗਏ ਹਾਂ? 2011 ਦੀ ਮਰਦਮ ਸ਼ੁਮਾਰੀ 'ਚ ਜਿੱਥੇ ਈਸਾਈਆਂ ਦੀ ਗਿਣਤੀ 1.26 ਫ਼ੀਸਦੀ ਸੀ, ਉੱਥੇ ਹੁਣ ਇਸ 'ਚ ਬੇਸ਼ੁਮਾਰ ਵਾਧਾ ਹੋ ਚੁੱਕਾ ਹੈ।

ਸਿੰਘ ਸਭਾ ਲਹਿਰ ਦੀ ਡੇਢਵੀਂ ਸ਼ਤਾਬਦੀ ਵੀ ਸਾਡੀਆਂ ਬਰੂਹਾਂ ਤੋਂ ਦਸਤਕ ਦੇ ਕੇ ਲੰਘ ਚੁੱਕੀ ਹੈ ਪਰ ਅਸੀਂ ਅੱਜ ਵੀ ਅਵੇਸਲੇ ਤੇ ਲਾਪ੍ਰਵਾਹ ਹਾਂ ਜਿਵੇਂ ਕਿ ਪਹਿਲਾਂ ਸਾਂ। ਕਿਸੇ ਪਾਸੇ ਕੋਈ ਹਰਕਤ ਨਹੀਂ, ਪ੍ਰਚਾਰ ਨਹੀਂ, ਫ਼ਿਕਰ ਨਹੀਂ ਤੇ ਯੋਜਨਾ ਨਹੀਂ। ਦੂਜੇ ਪਾਸੇ ਜੋ ਕੁੱਝ ਧੜੱਲੇ ਨਾਲ ਪਾਦਰੀ ਕਰ ਰਹੇ ਹਨ, ਉਸ 'ਤੇ ਇਕ ਨਜ਼ਰ ਪਾ ਲੈਣੀ ਬਹੁਤ ਜ਼ਰੂਰੀ ਹੈ।

'ਇੰਡੀਆ ਟੂਡੇ' ਇਕ ਭਰੋਸੇਯੋਗ ਰਸਾਲਾ ਹੈ। ਇਸ ਵਲੋਂ ਕੀਤੇ ਸਰਵੇਖਣ ਅਨੁਸਾਰ, 'ਪੰਜ ਪਿਆਰਿਆਂ ਦੀ ਧਰਤੀ' ਹੁਣ 'ਪਗੜੀਧਾਰੀ ਈਸਾਈਆਂ' ਨੇ ਹੜੱਪ ਲਈ ਹੈ ਜਿਨ੍ਹਾਂ ਦਾ ਜਾਲ ਪੰਜਾਬ ਦੇ ਚੱਪੇ-ਚੱਪੇ 'ਤੇ ਵਿਛਿਆ ਹੋਇਆ ਹੈ। ਇਸ ਮੈਗਜ਼ੀਨ ਨੇ ਤੌਖਲਾ ਜ਼ਾਹਰ ਕੀਤਾ ਹੈ ਕਿ ਜੇਕਰ ਜ਼ਿੰਮੇਵਾਰ ਸੰਸਥਾਵਾਂ ਨੇ ਕੋਈ ਉਚੇਚੀ ਚਾਰਾਜੋਈ ਨਾ ਕੀਤੀ ਤਾਂ ਇਸ ਦੇ ਨਤੀਜੇ ਬਹੁਤ ਤਬਾਹਕੁਨ ਹੋਣਗੇ। 2022 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਵੀ ਇੱਥੇ ਇਕ ਵਰਗ ਅਪਣੇ ਆਪ ਨੂੰ ਦਲਿਤ ਵੀ ਐਲਾਨ ਰਿਹਾ ਸੀ ਤੇ ਈਸਾਈ ਵੀ ਕਿਉਂਕਿ ਦਲਿਤਾਂ ਦਾ ਧਰਮ ਬਦਲ ਕੇ ਹੀ ਇਨ੍ਹਾਂ ਨੂੰ ਈਸਾਈ ਬਣਾਇਆ ਜਾ ਰਿਹਾ ਸੀ।

ਵੋਟ-ਬੈਂਕ ਦੀ ਨੀਤੀ ਕਾਰਨ, ਨਾ ਸਰਕਾਰਾਂ ਇਸ ਪੱਖੋਂ ਗੰਭੀਰ ਹਨ ਤੇ ਨਾ ਧਾਰਮਕ ਸੰਸਥਾਵਾਂ। ਇੰਡੀਆ ਟੂਡੇ ਦੀ ਟੀਮ ਜਲੰਧਰ ਜ਼ਿਲ੍ਹੇ ਦੇ ਖਾਂਬੜਾ ਪਿੰਡ ਪਹੁੰਚੀ ਜਿੱਥੇ ਹਰ ਐਤਵਾਰ ਨੂੰ ਮੋਟਰਸਾਈਕਲਾਂ ਤੋਂ ਲੈ ਕੇ ਕਾਰਾਂ ਅਤੇ ਕਿਰਾਏ 'ਤੇ ਲਿਆਂਦੀਆਂ ਬਸਾਂ ਵਿਚ ਸਵਾਰ ਹੋ ਕੇ ਸ਼ਰਧਾਲੂ ਇੱਥੋਂ ਦੇ ਗਿਰਜਾ ਘਰ 'ਚ ਆ ਰਹੇ ਸਨ। ਇਨ੍ਹਾਂ ਹਜ਼ਾਰਾਂ ਲੋਕਾਂ ਨੂੰ ਇੱਥੇ ਲਿਆਉਣ ਵਾਲਾ ਪਾਦਰੀ ਅੰਕੁਰ ਨਰੂਲਾ ਹੈ। ਹਿੰਦੂ ਖਤਰੀ ਪ੍ਰਵਾਰ 'ਚ ਜਨਮਿਆ ਨਰੂਲਾ 2008 'ਚ ਈਸਾਈ ਬਣ ਗਿਆ। ਫਿਰ 'ਅੰਕੁਰ ਨਰੂਲਾ ਮਨਿਸਟਰੀ' ਸਥਾਪਤ ਕੀਤੀ ਤੇ ਨਾਲ ਹੀ 'ਚਰਚ ਆਫ਼ ਸਾਇੰਸ ਐਂਡ ਵੰਡਰਜ਼' ਸ਼ੁਰੂ ਕੀਤਾ।

ਖਾਂਬੜੇ ਪਿੰਡ 'ਚ 65 ਏਕੜ 'ਚ ਫੈਲਿਆ ਤੇ ਬਣ ਰਿਹਾ ਨਵਾਂ ਚਰਚ, ਕਿਹਾ ਜਾ ਰਿਹੈ ਕਿ ਇਹ ਏਸ਼ੀਆ ਦਾ ਸੱਭ ਤੋਂ ਵੱਡਾ ਚਰਚ ਹੋਵੇਗਾ। ਇਸ ਤੋਂ ਇਲਾਵਾ ਪੰਜਾਬ ਦੇ ਨੌਂ ਜ਼ਿਲ੍ਹਿਆਂ, ਬਿਹਾਰ, ਬੰਗਾਲ, ਅਮਰੀਕਾ, ਕੈਨੇਡਾ, ਜਰਮਨੀ ਤੇ ਲੰਡਨ 'ਚ ਵੀ ਉਸ ਦੇ ਟਿਕਾਣੇ ਹਨ। 2011 ਦੀ ਮਰਦਮ ਸ਼ੁਮਾਰੀ ਅਨੁਸਾਰ ਪੂਰੇ ਪੰਜਾਬ 'ਚ ਤਿੰਨ ਲੱਖ ਅਠਤਾਲੀ ਹਜ਼ਾਰ ਈਸਾਈ ਰਹਿੰਦੇ ਸਨ ਪ੍ਰੰਤੂ ਹੁਣ ਇਕੱਲੀ ਨਰੂਲਾ ਮਨਿਸਟਰੀ ਨਾਲ ਹੀ ਤਿੰਨ ਲੱਖ ਤੋਂ ਜ਼ਿਆਦਾ ਲੋਕ ਜੁੜੇ ਹੋਏ ਦੱਸੇ ਜਾਂਦੇ ਹਨ। ਜਲੰਧਰ ਤੋਂ ਬਾਅਦ ਗੁਰੂ-ਨਗਰੀ ਅੰਮ੍ਰਿਤਸਰ ਦਾ ਜ਼ਿਕਰ ਕੀਤਾ ਜਾਣਾ ਬਣਦਾ ਹੈ ਜਿੱਥੇ ਸਹਿੰਸਰਾ ਕਲਾ (ਜੋ ਮਹਾਨ ਇਨਕਲਾਬੀ ਸ. ਗੁਰਚਰਨ ਸਿੰਘ ਸਹਿੰਸਰਾ ਦਾ ਜੱਦੀ ਪਿੰਡ ਹੈ) ਦੀਆਂ ਤੰਗ ਗਲੀਆਂ 'ਚ ਬਣਿਆ ਗਿਰਜਾ-ਘਰ ਧਰਮ ਪਰਿਵਰਤਨ ਦਾ ਧੁਰਾ ਬਣ ਚੁੱਕਾ ਹੈ। ਇਕ ਪੁਲੀਸ ਮੁਲਾਜ਼ਮ (ਸਰਦਾਰ) ਇਸ ਦਾ ਕਰਤਾ ਧਰਤਾ ਦਸਿਆ ਜਾ ਰਿਹਾ ਹੈ।

ਪੰਜਾਬ 'ਚ ਭਾਵੇਂ ਧਰਮ ਪਰਿਵਰਤਨ ਕੋਈ ਅਸਲੋਂ ਨਵੀਂ ਗੱਲ ਨਹੀਂ ਪ੍ਰੰਤੂ ਹੁਣ ਇਸ ਦੇ ਨਵੇਂ-ਨਵੇਂ ਬਣੇ ਪਾਦਰੀ ਸਰਦਾਰ ਢਿੱਲੋਂ, ਸੰਧੂ, ਮਿੱਤਲ, ਰਾਣਾ ਤੇ ਹੋਰ ਸਿੱਖ ਚਿਹਰੇ ਹਨ ਜੋ ਧੜਾਧੜ ਪਗੜੀ-ਧਾਰੀ ਈਸਾਈ ਪੈਦਾ ਕਰ ਰਹੇ ਹਨ। ਡਾਕਟਰ, ਇੰਜੀਨੀਅਰ, ਪੁਲੀਸਕਰਮੀ, ਵਕੀਲ, ਕਾਰੋਬਾਰੀ ਤੇ ਜ਼ਿਮੀਂਦਾਰ, ਕੋਈ ਵੀ ਵਰਗ ਅਜਿਹਾ ਨਹੀਂ ਬਚਿਆ ਜੋ ਇਸ ਵਬਾ ਤੋਂ ਬਚ ਸਕਿਆ ਹੋਵੇ। ਕਪੂਰਥਲੇ ਜ਼ਿਲ੍ਹੇ ਦੇ ਖੋਜੇਵਾਲ ਪਿੰਡ 'ਚ ਸੁਣਿਆ ਹੈ ਕਿ ਓਪਨ ਡੋਰ ਚਰਚ ਬਣਿਆ ਹੈ ਜੋ ਯੋਰਪੀ ਪ੍ਰੋਟੈਸਟੈਂਟ ਡਿਜ਼ਾਈਨ ਦਾ ਹੈ। ਇਵੇਂ ਹੀ ਬਟਾਲਾ ਦੇ ਹਰਪੁਰਾ ਪਿੰਡ ਦਾ ਪਾਦਰੀ ਜੱਟ ਸਿੱਖ ਹੈ। ਬਨੂੜ 'ਚ ਬਣੇ ਚਰਚ ਆਫ਼ ਪੀਸ ਦਾ ਇੰਚਾਰਜ ਮਿੱਤਲ ਹੈ ਤੇ ਚਮਕੌਰ ਸਾਹਿਬ (ਸ਼ਹੀਦ ਸਿੰਘਾਂ ਤੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤਗਾਹ) ☞


## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com


8115, 132 ਸਟਰੀਟ, ਸਰੀ, ਬੀ.ਸੀ. V3W 4N5

### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ
ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

### ਇਸ ਹਫਤੇ ਦੇ ਪ੍ਰੋਗਰਾਮ



ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਜਨਮ ਦਿਹਾੜਾ ਬਾਬਾ ਦੀਪ ਸਿੰਘ ਜੀ ਅਤੇ ਸ੍ਰੀ ਗੁਰੂ ਸਿੰਘ ਸਭਾ ਦਾ 21ਵਾਂ ਉਦਘਾਟਨ ਦਿਵਸ ਮਨਾਇਆ ਜਾਵੇਗਾ।28 ਜਨਵਰੀ ਦਿਨ ਐਤਵਾਰ ਨੂੰ ਸਹਿਜਪਾਠ ਦੇ ਭੋਗ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*27 ਜਨਵਰੀ ਦਿਨ ਸ਼ਨਿਚਰਵਾਰ ਨੂੰ ਅੰਤਮ ਸਸਕਾਰ ਸਵ. ਭਾਈ ਦਤਾਰ ਸਿੰਘ ਦੁਪਹਿਰ 12.30 ਵਜੇ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ।ਉਪਰੰਤ ਗੁਰੂਘਰ ਵਿਖੇ ਦੁਪਹਿਰ 2 ਵਜੇ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*27 ਜਨਵਰੀ ਦਿਨ ਸ਼ਨਿਚਰਵਾਰ ਨੂੰ ਅੰਤਮ ਸਸਕਾਰ ਸਵ. ਰਛਪਾਲ ਸਿੰਘ ਸਿੱਧੂ ਸ਼ਾਮ 3 ਵਜੇ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ।ਉਪਰੰਤ ਗੁਰੂਘਰ ਵਿਖੇ ਸ਼ਾਮ 4.30 ਵਜੇ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*27 ਜਨਵਰੀ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਹਰਪ੍ਰੀਤ ਸਿੰਘ ਪਰਿਵਾਰ ਵੱਲੋਂ ਹੋਵੇਗੀ।

*28 ਜਨਵਰੀ ਦਿਨ ਐਤਵਾਰ ਨੂੰ 2 ਪਰਿਵਾਰਾਂ ਵੱਲੋਂ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ:

1. ਭਾਈ ਗੁਰਪ੍ਰੀਤ ਸਿੰਘ ਪਰਿਵਾਰ ਵੱਲੋਂ 2. ਭਾਈ ਮਨਪ੍ਰੀਤ ਸਿੰਘ ਪਰਿਵਾਰ ਵੱਲੋਂ

*28 ਜਨਵਰੀ ਦਿਨ ਐਤਵਾਰ ਨੂੰ ਅੰਤਮ ਸਸਕਾਰ ਸਵ. ਬੀਬੀ ਨਰੰਜਣ ਕੌਰ ਰਾਏ ਸਵੇਰੇ 10 ਵਜੇ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ।ਉਪਰੰਤ ਗੁਰੂਘਰ ਵਿਖੇ ਸਵੇਰੇ 11.30 ਵਜੇ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*29 ਜਨਵਰੀ ਦਿਨ ਸੋਮਵਾਰ ਨੂੰ ਅੰਤਮ ਸਸਕਾਰ ਸਵ. ਬੀਬੀ ਮਹਿੰਦਰ ਕੌਰ ਦੁਪਹਿਰ 2.30 ਵਜੇ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ।ਉਪਰੰਤ ਗੁਰੂਘਰ ਵਿਖੇ ਸ਼ਾਮ 4 ਵਜੇ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*1 ਫਰਵਰੀ ਦਿਨ ਵੀਰਵਾਰ ਨੂੰ ਅੰਤਮ ਸਸਕਾਰ ਸਵ. ਬੀਬੀ ਅਮਰਜੀਤ ਕੌਰ ਨਿੱਝਰ ਦੁਪਹਿਰ 2.30 ਵਜੇ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ।ਉਪਰੰਤ ਗੁਰੂਘਰ ਵਿਖੇ ਸ਼ਾਮ 4 ਵਜੇ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਕਥਾਵਾਚਕ:ਭਾਈ ਰਸ਼ਪਾਲ ਸਿੰਘ ਫਾਜ਼ਿਲਕਾ ਢਾਡੀ ਜਥਾ:ਭਾਈ ਸੁਰਿੰਦਰ ਸਿੰਘ ਛਾਂਪਾ

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ
ਫੋਨ:604-590-3232, 604-590-3224

# ਸੰਘਣੀ ਧੁੰਦ ਕਾਰਨ ਮਮਤਾ ਬੈਨਰਜੀ ਦੀ ਕਾਰ ਨਾਲ ਵਾਪਰਿਆ ਹਾਦਸਾ, ਬੁਰੀ ਤਰ੍ਹਾਂ ਹੋਏ ਜ਼ਖਮੀ

ਦਿੱਲੀ-ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਸੜਕ ਹਾਦਸੇ ਦਾ ਸ਼ਿਕਾਰ ਹੋ ਗਈ ਹੈ। ਇਸ ਹਾਦਸੇ 'ਚ ਉਹ ਬੁਰੀ ਤਰ੍ਹਾਂ ਜ਼ਖਮੀ ਹੋ ਗਈ ਹੈ।

ਅਚਾਨਕ ਮਮਤਾ ਬੈਨਰਜੀ ਦੇ ਕਾਫਲੇ ਦੇ ਸਾਹਮਣੇ ਇਕ ਕਾਰ ਆ ਗਈ, ਤਾਂ ਮਮਤਾ ਦੇ ਡਰਾਈਵਰ ਨੇ ਤੁਰੰਤ ਬ੍ਰੇਕ ਲਗਾ ਦਿੱਤੀ, ਜਿਸ ਦੇ ਕਾਰਨ ਮਮਤਾ ਦੇ ਸਿਰ ਤੇ ਸੱਟ ਵੱਟ ਗਈ। ਮਮਤਾ ਬੈਨਰਜੀ ਇਸ ਹਾਦਸੇ 'ਚ ਸਿਰ 'ਤੇ ਗੰਭੀਰ ਜ਼ਖਮੀ ਹੋਈ।ਸੂਤਰਾਂ ਤੋਂ ਖਬਰ ਆ ਰਹੀ ਹੈ ਕਿ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਬੁੱਧਵਾਰ ਨੂੰ ਬਰਧਮਾਨ ਤੋਂ ਕੋਲਕਾਤਾ ਸੜਕ ਰਾਹੀਂ ਵਾਪਸ ਆ ਰਹੀ ਸੀ।



ਇਸ ਦੌਰਾਨ ਮੁੱਖ ਮੰਤਰੀ ਦੀ ਗੱਡੀ ਕਾਫਲੇ ਦੇ ਨਾਲ ਜਾ ਰਹੀ ਸੀ। ਰਸਤੇ ਵਿੱਚ ਉਨ੍ਹਾਂ ਦੇ ਕਾਫ਼ਲੇ ਦੇ ਸਾਹਮਣੇ ਇੱਕ ਹੋਰ ਗੱਡੀ ਆ ਗਈ। ਡਰਾਈਵਰ ਨੇ ਅਚਾਨਕ ਕਾਰ ਰੋਕਣ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਮਮਤਾ ਦੇ ਸਿਰ 'ਤੇ ਸੱਟ ਲੱਗ ਗਈ।

ਇਹ ਵੀ ਦੱਸਿਆ ਗਿਆ ਹੈ ਕਿ ਪਹਿਲਾਂ ਮਮਤਾ ਬੈਨਰਜੀ ਹੈਲੀਕਾਪਟਰ ਰਾਹੀਂ ਕੋਲਕਾਤਾ ਵਾਪਸ ਜਾਣ ਵਾਲੀ ਸੀ, ਪਰ ਸੰਘਣੀ ਧੁੰਦ ਅਤੇ ਘੱਟ ਵਿਜ਼ੀਬਿਲਟੀ ਕਾਰਨ ਉਨ੍ਹਾਂ ਨੇ ਸੜਕ ਰਾਹੀਂ ਵਾਪਸ ਆਉਣ ਦਾ ਫੈਸਲਾ ਕੀਤਾ।

ਦੱਸਿਆ ਜਾ ਰਿਹਾ ਹੈ ਕਿ ਸੰਘਣੀ ਧੁੰਦ ਕਾਰਨ ਮਮਤਾ ਬੈਨਰਜੀ ਦੀ ਕਾਰ ਹਾਦਸੇ ਦਾ ਸ਼ਿਕਾਰ ਹੋ ਗਈ। ਹਾਦਸੇ ਤੋਂ ਬਾਅਦ ਮਮਤਾ ਬੈਨਰਜੀ ਨੂੰ ਸ਼ਸ਼ਖੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ।ਮਮਤਾ ਬੈਨਰਜੀ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮੀਟਿੰਗ ਕਰਨ ਲਈ ਬਰਧਮਾਨ ਜ਼ਿਲ੍ਹੇ 'ਚ ਗਈ ਸੀ। ਇਹ ਹਾਦਸਾ ਉਥੋਂ ਵਾਪਸ ਆਉਂਦੇ ਸਮੇਂ ਵਾਪਰਿਆ।ਤੁਹਾਨੂੰ ਦੱਸ ਦੇਈਏ ਕਿ ਇਸ ਤੋਂ ਪਹਿਲਾਂ ਜੂਨ 2023 ਵਿੱਚ ਵੀ ਮਮਤਾ ਬੈਨਰਜੀ ਯਾਤਰਾ ਦੌਰਾਨ ਜ਼ਖਮੀ ਹੋ ਗਈ ਸੀ। ਮਮਤਾ ਦੇ ਹੈਲੀਕਾਪਟਰ ਦੀ ਐਮਰਜੈਂਸੀ ਲੈਂਡਿੰਗ ਕਰਵਾਈ ਗਈ।

---

☛ ਦਾ ਪਾਦਰੀ ਮਜ਼੍ਹਬੀ ਸਿੱਖ ਹੈ।

ਪੰਜਾਬ 'ਚ ਸਿੱਖਾਂ ਨੂੰ ਈਸਾਈ ਬਣਾਉਣ ਦੀ ਪ੍ਰਕਿਰਿਆ ਜ਼ੋਰ ਸ਼ੋਰ ਨਾਲ ਚਲ ਰਹੀ ਹੈ। ਮਾਝੇ ਤੋਂ ਬਾਅਦ ਹੁਣ ਦੋਆਬਾ ਤੇ ਮਾਲਵਾ ਵੀ ਇਸ ਚੱਕਰ ਤੋਂ ਅਛੂਤੇ ਨਹੀਂ ਰਹੇ। ਸਰਹੱਦੀ ਇਲਾਕਿਆਂ 'ਚ ਜਿੱਥੇ ਇਹ ਚਾਲ ਬਹੁਤ ਤੇਜ਼ ਹੈ, ਉੱਥੇ ਇਕ ਮੋਟੇ ਅਨੁਮਾਨ ਅਨੁਸਾਰ, 65000 ਪਾਦਰੀ ਦਿਨ ਰਾਤ ਇਸੇ ਗਤੀਵਿਧੀ 'ਚ ਰੁੱਝੇ ਹੋਏ ਹਨ। ਕੀ ਸਾਡੀ ਅਖੌਤੀ ਸ਼੍ਰੋਮਣੀ ਕਮੇਟੀ ਕੋਲ 65 ਅਜਿਹੇ ਸਿਰੜੀ, ਸਿਦਕੀ, ਮਿਹਨਤੀ ਤੇ ਪ੍ਰਤਿਬੱਧ ਪ੍ਰਚਾਰਕ ਹਨ? ਤਰਨ ਤਾਰਨ, ਅੰਮ੍ਰਿਤਸਰ ਤੇ ਚਮਕੌਰ ਸਾਹਿਬ ਵਰਗੇ ਸਿੱਖੀ 'ਚ ਗੜੁੱਚ ਰਹੇ ਇਲਾਕਿਆਂ 'ਚ ਇਹ ਧਰਮ ਪਰਿਵਰਤਨ ਹੋਣ ਵੇਲੇ, ਸਾਡੇ ਚੌਧਰੀ ਕਿੱਥੇ ਗ਼ਰਕੇ ਬੈਠੇ ਸਨ? ਇੰਜ ਜਿੱਥੇ 2011 ਦੀ ਮਰਦਮ ਸ਼ੁਮਾਰੀ ਅਨੁਸਾਰ ਪੂਰੇ ਪੰਜਾਬ ਵਿਚ 1.26 ਫ਼ੀਸਦੀ ਇਸਾਈ ਸਨ, ਉੱਥੇ 2021 ਤਕ ਇਹ ਵਾਧਾ 102.73 ਫ਼ੀਸਦੀ ਦਰਜ ਕੀਤਾ ਗਿਆ। ਅਰਥਾਤ ਧੜਾਧੜ ਸਿੱਖੀ ਦਾ ਖ਼ਾਤਮਾ ਕੀਤਾ ਜਾ ਰਿਹੈ ਤੇ ਉਹ ਵੀ ਉਸ ਧਰਤੀ 'ਤੇ ਜਿੱਥੇ ਹਰ ਜ਼ੱਰੇ ਜ਼ੱਰੇ 'ਤੇ ਸਤਿਗੁਰਾਂ ਦੇ ਚਰਨ ਪਏ ਸਨ ਤੇ ਥਾਂ-ਥਾਂ ਗੁਰਦਵਾਰੇ ਸੁਸ਼ੋਭਿਤ ਹਨ। ਕੀ ਇਹ ਸ਼੍ਰੋ. ਗੁ.ਪ੍ਰ. ਕਮੇਟੀ ਦੀ ਅਣਗਹਿਲੀ ਤੇ ਨਾਲਾਇਕੀ ਨਹੀਂ? ਕਿੱਥੇ ਹਨ ਇਸ ਦੇ ਪ੍ਰਚਾਰਕ? ਕਿੱਥੇ ਹਨ ਗੁਦਵਾਰਿਆਂ 'ਚ ਬੈਠੇ ਮਹੰਤ? ਕੀ ਕਦੇ ਕਿਸੇ ਨੇ ਇਹ ਚਿੱਠਾ ਫੋਲਣ ਦੀ ਕੋਸ਼ਿਸ਼ ਕੀਤੀ ਕਿ ਕਿਉਂ ਲੋਕ ਵਾਹੋਦਾਹੀ ਈਸਾਈ ਬਣ ਰਹੇ ਹਨ?

ਉਹੀ ਇਲਾਕਾ ਹੈ ਜਿੱਥੇ ਕਦੇ ਸਖੀ ਸਰਵਰਾਂ ਦੇ ਸ਼ਾਗਿਰਦ ਰਹੇ ਭਾਈ ਲੰਗਾਹ ਜੀ, ਪੰਚਮ ਨਾਨਕ ਦੀ ਸ਼ਰਨ 'ਚ ਆ ਕੇ ਅਮਰਤਾ ਪ੍ਰਾਪਤ ਕਰ ਗਏ ਤੇ ਉਨ੍ਹਾਂ ਦੀ ਵੰਸ਼ਜ, ਮਾਈ ਭਾਗੋ ਜੀ ਨੇ ਇਸ ਦੇਸ਼ ਦੇ ਇਤਿਹਾਸ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ ਸੀ। ਕੁੱਝ ਸਮਾਂ ਪਹਿਲਾਂ 'ਨਿਊਜ਼ ਨੇਸ਼ਨ' ਨੇ 'ਯੂਨਾਈਟਿਡ ਕ੍ਰਿਸ਼ਚੀਅਨ ਫ਼ਰੰਟ' ਦੇ ਅੰਕੜਿਆਂ 'ਤੇ ਗ਼ੌਰ ਕਰਦਿਆਂ ਦਸਿਆ ਕਿ ਪੰਜਾਬ ਦੇ 12000 ਤੋਂ ਵੱਧ ਪਿੰਡਾਂ 'ਚੋਂ 8000 ਪਿੰਡਾਂ 'ਚ ਈਸਾਈਆਂ ਦੀਆਂ ਮਜ਼੍ਹਬੀ ਸੰਮਤੀਆਂ ਬਣ ਚੁਕੀਆਂ ਹਨ ਤੇ ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲ੍ਹਿਆਂ 'ਚ ਚਾਰ ਈਸਾਈ ਫ਼ਿਰਕਿਆਂ ਦੇ 600 ਤੋਂ 700 ਤਕ ਚਰਚ ਬਣ ਚੁੱਕੇ ਹਨ ਜਿਨ੍ਹਾਂ 'ਚੋਂ ਪਿਛਲੇ ਪੰਜ ਸਾਲਾਂ 'ਚ 60 ਤੋਂ 70 ਫ਼ੀਸਦੀ ਹੋਂਦ 'ਚ ਆਏ।

ਸੋ, ਇਸ ਵੇਲੇ ਪੰਜਾਬ ਦੀ ਹਾਲਤ ਤਾਮਿਲਨਾਡੂ ਵਰਗੇ ਦਖਣੀ ਰਾਜ ਜਹੀ ਬਣ ਚੁਕੀ ਹੈ। 1980 ਤੋਂ ਬਾਅਦ ਉੱਥੇ ਇਹੋ ਜਿਹੇ ਹਾਲਾਤ ਬਣੇ ਸਨ ਪਰ ਉੱਥੇ ਅੱਜ ਕੇਵਲ 6.2 ਫ਼ੀਸਦੀ ਈਸਾਈ ਹਨ ਜਦਕਿ ਸਾਰੇ ਉੱਤਰ ਪੂਰਬੀ ਰਾਜਾਂ 'ਚ 90 ਫ਼ੀਸਦੀ ਲੋਕ ਈਸਾਈਆਂ ਨੇ ਅਪਣੇ ਵੱਸ ਕਰ ਲਏ ਹਨ। ਪੰਜ ਪਿਆਰਿਆਂ ਦੀ ਜ਼ਮੀਨ 'ਤੇ ਦੇਖਦੇ ਹੀ ਦੇਖਦੇ ਇਹ ਪਗੜੀ ਵਾਲੇ ਈਸਾਈ ਕਿਵੇਂ ਛਾ ਗਏ, ਇਹ ਬੇਹੱਦ ਚਿੰਤਾ, ਫ਼ਿਕਰ ਤੇ ਵਿਚਾਰਨ ਦਾ ਵਿਸ਼ਾ ਹੈ। ਪੰਜਾਬ ਦਾ ਜਿਹੜਾ ਸਰਵਨਾਸ਼ ਪਿਛਲੇ ਕੁੱਝ ਦਹਾਕਿਆਂ ਵਿਚ ਹੁੰਦਾ ਆ ਰਿਹੈ, ਈਸਾਈਅਤ ਦੀ ਚੜ੍ਹਤ ਵੀ ਉਸੇ ਵਿਨਾਸ਼, ਤਬਾਹੀ ਤੇ ਉਜਾੜੇ ਦੀ ਇਕ ਕੜੀ ਹੈ। 'ਐ ਪੰਜਾਬ! ਕਰਾਂ ਕੀ ਸਿਫ਼ਤ ਤੇਰੀ' ਨੂੰ ਵਾਕਈ ਕਿਸੇ ਚੰਦਰੇ ਦੀ ਨਜ਼ਰ ਲੱਗ ਗਈ ਹੈ।

**ਕੁਲਵੰਤ ਕੌਰ (ਡਾ.)**
**ਮੋ: 98156-20515**






# ਸਿਹਤ ਸੰਬੰਧੀ



# ਐਲਰਜੀ, ਹੇਅ-ਫ਼ੀਵਰ, ਪੋਲਨਜ਼ ਅਤੇ ਹੋਮਿਓਪੈਥਿਕ ਇਲਾਜ




ਡਾ. ਸ਼ਵੇਤਾ
MBBS, MD & DHMS (ONT.)
Abbotsford
(604) 304-2236

ਡਾ. ਆਰ.ਐੱਸ. ਸੈਣੀ
(ਹੋਮਿਓਪੈਥ)
Surrey
(604) 502-9579

ਐਲਰਜਿਕ ਰਹੀਨਾਇਟੀਸ (Allergic Rhenitis), ਜਿਸ ਨੂੰ ਕਿ ਹੇਅ-ਫ਼ੀਵਰ ਜਾਂ ਪੌਲੀਨੌਸਿਸ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਦਾ ਮਤਲਬ ਹੈ ਐਲਰਜੀ ਦੀ ਵਜ੍ਹਾ ਨਾਲ ਨੱਕ ਦੀ ਅੰਦਰਲੀ ਝਿੱਲੀ ਵਿੱਚ ਸੋਜਸ਼ ਹੋ ਜਾਣੀ। ਜੇ ਰਹੀਨਾਇਟੀਸ ਸ਼ਬਦ ਦਾ ਸੰਧੀ-ਭੇਦ ਕਰਕੇ ਵੇਖਿਆ ਜਾਵੇ ਤਾਂ "Rhino" ਦਾ ਮਤਲਬ ਹੁੰਦਾ ਹੈ "ਨੱਕ ਨਾਲ ਸਬੰਧਤ" ਅਤੇ "itis" ਦਾ ਸਬੰਧ ਸੋਜਸ਼ ਨਾਲ ਹੁੰਦਾ ਹੈ। ਐਲਰਜਿਕ ਰਹੀਨਾਇਟੀਸ ਮੌਸਮੀ ਜਾਂ ਗ਼ੈਰ-ਮੌਸਮੀ ਵੀ ਹੋ ਸਕਦੀ ਹੈ। ਬਹਾਰ ਦੇ ਮੌਸਮ (ਸਪ੍ਰਿੰਗ) ਵਿੱਚ ਇਹ ਐਲਰਜੀ ਜ਼ਿਆਦਾਤਰ ਰੁੱਖਾਂ ਦੇ ਫ਼ੁੱਲਾਂ ਦੇ ਪੋਲਨ (tree pollens) ਕਰਕੇ ਹੁੰਦੀ ਹੈ। ਘਾਹ ਕੱਟਣ ਨਾਲ ਸਬੰਧਤ ਐਲਰਜੀ ਅਕਸਰ ਗਰਮੀਆਂ ਦੀ ਰੁੱਤ ਵਿੱਚ ਹੁੰਦੀ ਹੈ ਅਤੇ ਵੀਡ ਪੋਲਨ (weed pollen) ਪਤਝੜ (ਫ਼ੌਲ) ਦੀ ਰੁੱਤ ਵਿੱਚ ਐਲਰਜੀ ਦੇ ਲੱਛਣ ਪੈਦਾ ਕਰਦੀ ਹੈ। ਬਹਾਰ ਦਾ ਮੌਸਮ ਚੱਲ ਰਿਹਾ ਹੈ ਅਤੇ ਬਹੁਤ ਸਾਰੇ ਵਿਅਕਤੀਆਂ ਨੂੰ ਪੋਲਨ ਐਲਰਜੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਕਈਆਂ ਨੂੰ ਆਉਣ ਵਾਲੇ ਸਮੇਂ ਵਿੱਚ ਇਸ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬਹਾਰ ਦੇ ਮੌਸਮ ਵਿੱਚ ਐਲਰਜੀ ਦਾ ਕਾਰਨ ਬਣਨ ਵਾਲੇ ਤੱਤ ਦਰਖ਼ਤਾਂ ਉੱਪਰ ਪੁੰਗਰ ਰਹੇ ਫ਼ੁੱਲਾਂ ਤੋਂ ਉੱਡ ਕੇ ਵਾਤਾਵਰਨ ਵਿੱਚ ਸ਼ਾਮਲ ਹੋ ਜਾਂਦੇ ਹਨ। ਹਰ ਸਾਲ ਇਸ ਮੌਸਮ ਦੇ ਆਉਣ ਦੇ ਕਈ ਵਿਅਕਤੀਆਂ ਨੂੰ ਆਪੋ-ਆਪਣੀ ਸੰਵੇਦਨਾ ਅਨੁਸਾਰ ਐਲਰਜੀ ਦਾ ਸਾਹਮਣਾ ਕਰਨਾ ਪੈਂਦਾ ਹੈ। ਬਹਾਰ ਦੇ ਮੌਸਮ ਵਿੱਚ ਹਰ ਸਾਲ ਜਦੋਂ ਦਰਖ਼ਤਾਂ ਦੇ ਫ਼ੁੱਲ ਫ਼ੁੱਟਣੇ ਸ਼ੁਰੂ ਹੁੰਦੇ ਹਨ ਤਾਂ ਕਈ ਸੰਵੇਦਨਸ਼ੀਲ ਵਿਅਕਤੀਆਂ ਨੂੰ ਬਹੁਤ ਤਕਲੀਫ਼ਦੇਹ ਲੱਛਣਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਵੇਂ ਛਿੱਕਾਂ (ਕਈ ਵਾਰੀ ਬਹੁਤ ਜ਼ਿਆਦਾ), ਅੱਖਾਂ ਵਿੱਚ ਲਾਲੀ ਅਤੇ ਰੜਕ, ਅੱਖਾਂ ਵਿੱਚੋਂ ਪਾਣੀ ਵਗਣਾ, ਪਲਕਾਂ ਵਿੱਚ ਜਲਨ ਅਤੇ ਸੋਜਸ਼, ਨੱਕ ਵਿੱਚ ਝੁਨਝੁਨਾਹਟ, ਨੱਕ ਵਿੱਚ ਸੇਕ ਅਤੇ ਨੱਕ ਵਿੱਚੋਂ ਜਲਨਸ਼ੀਲ ਤਰਲ ਪਦਾਰਥ ਵਗਣਾ, ਨੱਕ ਦੇ ਵਿੰਗਜ਼ ਪੂੰਝ ਪੂੰਝ ਕੇ ਲਾਲ ਹੋ ਜਾਣੇ, ਰਾਤ ਨੂੰ ਨੱਕ ਬੰਦ ਹੋ ਜਾਣਾ, ਮੂੰਹ ਰਾਹੀਂ ਸਾਹ ਲੈਣਾ, ਨੀਂਦ ਨਾ ਆਉਣੀ, ਦਿਨ ਵੇਲੇ ਨੱਕ ਬੰਦ ਰਹਿਣਾ ਅਤੇ ਉਸ ਵਿੱਚੋਂ ਪਾਣੀ ਵਗਣਾ।

ਪੀੜਤ ਵਿਅਕਤੀ ਦੀ ਬੁਰੀ ਹਾਲਤ ਕਰ ਦੇਣ ਵਾਲੇ ਇਹ ਲੱਛਣ ਉਸ ਦੇ ਸੁਭਾਅ ਵਿੱਚ ਚਿੜਚਿੜਾਪਨ ਤਾਂ ਲਿਆਉਂਦੇ ਹੀ ਹਨ, ਇਨ੍ਹਾਂ ਕਾਰਨ ਵਿਅਕਤੀ ਦੀ ਕੰਮ 'ਤੇ ਜਾਣ ਦੀ ਹਾਲਤ ਵੀ ਨਹੀਂ ਰਹਿੰਦੀ। ਸਿਰ ਭਾਰਾ, ਸਿਰ ਵਿੱਚ ਦਰਦ, ਰੌਸ਼ਨੀ ਚੰਗੀ ਨਾ ਲੱਗਣੀ, ਚਿਹਰਾ ਲਾਲ ਹੋ ਜਾਣਾ, ਸਰੀਰ ਬੇਜਾਨ, ਸੁੱਕੀ ਖੰਘ, ਗਲਾ ਖ਼ੁਸ਼ਕ ਅਤੇ ਬਾਰ-ਬਾਰ ਛਿੱਕਾਂ ਮਾਰਨ ਨਾਲ ਪਸਲੀਆਂ ਵਿੱਚ ਦਰਦ ਦੇ ਕਾਰਨ ਵਿਅਕਤੀ ਬੇਹਾਲ ਹੋ ਜਾਂਦਾ ਹੈ। ਮਰੀਜ਼ ਨੂੰ ਕਿਸੇ ਵੀ ਅਵਸਥਾ ਵਿੱਚ ਚੈਨ ਨਹੀਂ ਮਿਲਦਾ। ਬੇਚੈਨੀ ਕਰਕੇ ਉਹ ਘਰ ਦੇ ਅੰਦਰ ਜਾਂ ਬਾਹਰ ਟਿਕ ਕੇ ਬੈਠ ਨਹੀਂ ਸਕਦਾ। ਕਈ ਕੇਸਾਂ ਵਿੱਚ ਉਪਰੋਕਤ ਲੱਛਣਾਂ ਦੇ ਨਾਲ ਨਾਲ ਇੰਨੀ ਜ਼ਬਰਦਸਤ ਐਲਰਜੀ ਹੁੰਦੀ ਹੈ ਕਿ ਸਾਹ ਦੀ ਨਾਲੀ ਵਿੱਚ ਵੀ ਤਕਲੀਫ਼ ਮਹਿਸੂਸ ਹੋਣ ਲੱਗ ਜਾਂਦੀ ਹੈ ਅਤੇ ਸਾਹ ਲੈਣਾ ਵੀ ਔਖਾ ਲੱਗਣ ਲੱਗ ਜਾਂਦਾ ਹੈ। ਰਵਾਇਤੀ ਇਲਾਜ ਪ੍ਰਣਾਲੀ ਵਿੱਚ ਐਲਰਜੀ ਦਾ ਅਸਰ ਘਟਾਉਣ ਲਈ ਐਲਰਜੀ ਦਾ ਕਾਰਨ ਬਣਨ ਵਾਲੇ ਖ਼ਾਸ ਤੱਤ ਦਾ ਪਤਾ ਕਰਨ ਤੋਂ ਬਾਅਦ ਟੀਕੇ ਰਾਹੀਂ ਆਈਸੋਪੈਥਿਕ (Isopathic) ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਵੀ ਐਲਰਜੀ ਦਾ ਕਾਰਨ ਬਣਨ ਵਾਲੇ ਤਕਰੀਬਨ ਸਾਰੇ ਤੱਤਾਂ ਨੂੰ ਸਥਾਪਤ ਹੋਮਿਓਪੈਥਿਕ ਫ਼ਾਰਮੇਸੀਆਂ ਵੱਲੋਂ ਪੋਟੈਨਟਾਈਜ਼ ਕੀਤਾ ਹੋਇਆ ਹੈ। ਫ਼ਰਕ ਸਿਰਫ਼ ਇਹ ਹੈ ਕਿ ਹੋਮਿਓਪੈਥੀ ਵਿੱਚ ਖਾਣ ਵਾਲੀ ਦਵਾਈ ਦਿੱਤੀ ਜਾਂਦੀ ਹੈ। ਜਿਸ ਪਦਾਰਥ ਤੋਂ ਵਿਅਕਤੀ ਸੰਵੇਦਬਸ਼ੀਲ ਹੁੰਦਾ ਹੈ ਉਸੇ ਪਦਾਰਥ ਤੋਂ ਹੋਮਿਓਪੈਥਿਕ ਫ਼ਾਰਮਾਕੋਪੀਆ ਅਨੁਸਾਰ ਦਵਾਈ ਦੀ ਪੋਟੈਂਸੀ ਤਿਆਰ ਕੀਤੀ ਜਾਂਦੀ ਹੈ।

ਰਹੀਨਾਇਟੀਸ ਅਤੇ ਹੇਅ-ਫ਼ੀਵਰ ਦੇ ਇਲਾਜ ਲਈ ਕਾਊਂਟਰ ਤੋਂ ਮਿਲਣ ਵਾਲੀਆਂ ਅਤੇ ਤਜਵੀਜ਼ ਕੀਤੀ ਜਾਣ ਵਾਲੀਆਂ ਬਹੁਤ ਸਾਰੀਆਂ ਦਵਾਈਆਂ ਉਪਲਬਧ ਹਨ। ਇਨ੍ਹਾਂ ਦੀਆਂ ਦੋ ਪ੍ਰਮੁੱਖ ਸ਼੍ਰੇਣੀਆਂ ਹਨ:

**Antihistamines (ਐਂਟੀਹਿਸਟੇਮਾਈਨਜ਼)**
**Topical Steroids (ਟੌਪੀਕਲ ਸਟੀਰੌਇਡਜ਼)**

ਇਹ ਦੋਵਾਂ ਤਰ੍ਹਾਂ ਦੀਆਂ ਦਵਾਈਆਂ ਐਲਰਜੀ ਤੋਂ ਅਸਥਾਈ ਤੌਰ 'ਤੇ ਰਾਹਤ ਦਿੰਦੀਆਂ ਹਨ ਅਤੇ ਆਮ ਤੌਰ 'ਤੇ ਦਿਨ ਪ੍ਰਤੀ ਦਿਨ ਜਾਂ ਅਟੈਕ ਹੋਣ 'ਤੇ ਲੈਣੀਆਂ ਪੈਂਦੀਆਂ ਹਨ। ਪਰ ਇਨ੍ਹਾਂ ਦੇ ਆਪਣੇ ਮਾੜੇ ਪ੍ਰਭਾਵ ਵੀ ਹੁੰਦੇ ਹਨ ਜਿਨ੍ਹਾਂ ਨਾਲ ਨੀਂਦ ਜਾਂ ਘੁਮੇਰੀ ਆਉਣੀ ਅਤੇ ਧਿਆਨ ਲਗਾਉਣ ਵਿੱਚ ਮੁਸ਼ਕਲ ਆਉਣੀ, ਖ਼ਾਸ ਕਰਕੇ ਗੱਡੀ ਚਲਾਉਣ ਵੇਲੇ ਜਾਂ ਕਿਸੇ ਮਸ਼ੀਨ 'ਤੇ ਕੰਮ ਕਰਨ ਸਮੇਂ।

ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਇਸ ਪੀੜਤ ਅਵਸਥਾ ਵਾਸਤੇ ਬਹੁਤ ਢੁਕਵੀਆਂ ਦਵਾਈਆਂ ਉਪਲਬਧ ਹਨ। ਪਰ ਜੇ ਪੀੜਤ ਵਿਅਕਤੀ ਨੂੰ ਉਸ ਦੀ ਪੂਰੀ ਬਣਤਰ, ਉਸ ਦੇ ਸੁਭਾਅ, ਆਦਤਾਂ ਅਤੇ ਜੀਵਨ-ਸ਼ੈਲੀ ਤੋਂ ਇਲਾਵਾ ਐਲਰਜੀ ਕਾਰਨ ਪੈਦਾ ਹੋਏ ਲੱਛਣਾਂ ਨੂੰ ਸਮਝਦਿਆਂ ਹੋਇਆਂ ਢੁਕਵੀਂ ਹੋਮਿਓਪੈਥਿਕ ਦਵਾਈ ਦਿੱਤੀ ਜਾਵੇ ਤਾਂ ਉਸ ਨੂੰ ਐਲਰਜੀ ਤੋਂ ਹਮੇਸ਼ਾ ਵਾਸਤੇ ਛੁਟਕਾਰਾ ਮਿਲ ਸਕਦਾ ਹੈ। ਹੋਮਿਓਪੈਥਿਕ ਦਵਾਈਆਂ ਦਾ ਕੋਈ ਸਾਈਡ-ਅਫ਼ੈਕਟ ਨਹੀਂ ਹੁੰਦਾ ਅਤੇ ਇਹ ਵਿਅਕਤੀ ਦੇ ਦਿਨ ਪ੍ਰਤੀ ਦਿਨ ਦੇ ਕੰਮ ਵਿੱਚ ਵੀ ਅੜਚਨਾਂ ਪੈਦਾ ਨਹੀਂ ਕਰਦੀਆਂ।

ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਹੀ ਸਹੀ ਹੋਮਿਓਪੈਥਿਕ ਦਵਾਈ ਦੀ ਚੋਣ ਕਰਨ ਉਪਰੰਤ ਐਲਰਜੀ ਤੋਂ ਪੀੜਤ ਵਿਅਕਤੀ ਦੀ ਮਦਦ ਕਰ ਸਕਦਾ ਹੈ।

**ਐਲਰਜੀ ਤੋਂ ਬਚਣ ਲਈ ਕੁਝ ਸਹਾਇਕ ਗੁਰ:**

ਧੋਤੇ ਕੱਪੜਿਆਂ ਨੂੰ ਸੁਕਾਉਣ ਲਈ ਖੁੱਲ੍ਹੇ ਵਿੱਚ ਨਾ ਲਟਕਾਓ ਕਿਉਂਕਿ ਕਪੜੇ ਅਤੇ ਚਾਦਰਾਂ ਉੱਪਰ ਪੋਲਨ ਡਸਟ ਜੰਮ ਜਾਂਦੀ ਹੈ।ਘਰ ਵਿੱਚ ਅਤੇ ਕਾਰ ਚਲਾਉਂਦੇ ਸਮੇਂ ਖਿੜਕੀਆਂ ਨੂੰ ਬੰਦ ਰੱਖਣ ਦੀ ਕੋਸ਼ਿਸ਼ ਕਰੋ। ਯਾਦ ਰੱਖੋ ਜਿਹੜੀ ਚੀਜ਼ ਮਿੱਟੀ ਜਾਂ ਧੂੜ ਇਕੱਠੀ ਕਰ ਸਕਦੀ ਹੈ ਉਸ ਉੱਪਰ ਪੋਲਨ ਵੀ ਜਮ੍ਹਾਂ ਹੋ ਸਕਦੇ ਹਨ। ਉਦਾਹਰਣ ਵਜੋਂ, ਕਾਰਪੈੱਟ, ਕੰਧ 'ਤੇ ਲਟਾਈਆਂ ਚੀਜ਼ਾਂ, ਪਰਦੇ, ਫ਼ਰਨੀਚਰ ਦੇ ਕਵਰ ਅਤੇ ਹੋਰ ਸਤਹਾਂ ਜਿੱਥੇ ਧੂੜ ਜੰਮ ਸਕਦੀ ਹੈ।

- ਸਵੇਰੇ 6 ਤੋਂ 10 ਵਜੇ ਤਕ ਹਵਾ ਵਿੱਚ ਪੋਲਨ ਦਾ ਅਸਰ ਵਧੇਰੇ ਹੁੰਦਾ ਹੈ। ਇਸ ਲਈ ਇਸ ਸਮੇਂ ਦੌਰਾਨ ਖੁੱਲ੍ਹੇ ਵਿੱਚ ਜਾਣ ਤੋਂ ਗੁਰੇਜ਼ ਕਰੋ।
- ਬਰਸਾਤ ਹੋਣ ਤੋਂ ਬਾਅਦ ਪੋਲਨ ਘਟ ਜਾਂਦਾ ਹੈ। ਲੰਮੇ ਸਮੇਂ ਤਕ ਬਾਹਰ ਰਹਿਣ ਤੋਂ ਬਾਅਦ ਨਹਾ ਕੇ ਕਪੜੇ ਬਦਲਣੇ ਚਾਹੀਦੇ ਹਨ। ਇਸ ਨਾਲ ਪੋਲਨ ਦਾ ਅਸਰ ਘਟ ਜਾਵੇਗਾ।
- ਐਨਕਾਂ ਪਹਿਨਣ ਨਾਲ ਅੱਖਾਂ 'ਤੇ ਪੋਲਨ ਦਾ ਅਸਰ ਘਟ ਜਾਂਦਾ ਹੈ।

ਨਸ਼ਿਆਂ ਤੋਂ ਛੁਟਕਾਰਾ ਪਾਉ
night & day
recovery
ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




Night and Day Recovery Centre
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca




ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ
☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.
Repairing, Polishing & Appraisals
Step-in and see our exclusive collections of Singapore, India, Pakistan and Custom-made 22K Jewellery
OFFICIAL AGENTS OF RADO WATCHES
ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ
6570 - Main St., (Between 49th & 50th) Vancouver BC
Ph: 604-327-3132
FAX: 604-327-0335

# ਹਸਗੁੱਲੇ

ਗੱਡੀ ਦਿੱਲੀ ਤੋਂ ਚੱਲੀ ਸੀ ਸਰਦਾਰ ਜੀ ਨੇਂ ਟੀਟੀ ਨੂੰ ਕਿਹਾ ਮੈ ਂਲੁਧਿਆਣੇ ਸ਼ਟੇਸਨ ਤੇ ਉਤਰਨਾ, ਲੱਗਦਾ ਟਰੇਨ ਸਵੇਰੇ 4 ਵਜੇ ਉਥੇ ਪਹੁੰਚੇਗੀ। ਜੇ ਮੈਂ ਨਾ ਜਾਗਿਆ ਤਾਂ ਮੈਨੂੰ ਜ਼ਬਰਦਸਤੀ ਉਤਾਰ ਦਿਓ..

ਸਰਦਾਰ ਜੀ ਸਵੇਰੇ 8 ਵਜੇ ਉੱਠਦੇ ਹਨ।ਗੱਡੀ ਤਾਂ ਅੰਮ੍ਰਿਤਸਰ ਪਹੁੰਚਣ ਵਾਲੀ ਸੀ।ਸਰਦਾਰ ਜੀ ਨੇ ਟੀਟੀ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ।ਟੀਟੀ ਚੁੱਪ ਚਾਪ ਖੜ੍ਹਾ ਸੀ।

ਲੋਕਾਂ ਨੇ ਟੀਟੀ ਨੂੰ ਕਿਹਾ: ਉਹ ਬਹੁਤ ਗਾਲ੍ਹਾਂ ਕੱਢ ਰਿਹਾ ਹੈ ਅਤੇ ਤੁਸੀਂ ਚੁੱਪਚਾਪ ਸੁਣ ਰਹੇ ਹੋ?

ਟੀਟੀ! ਮੈਂ ਸੋਚ ਰਿਹਾਂ ਕਿ 'ਉਹ ਕਿੰਨੀ ਆ ਕੁ ਗਾਲ੍ਹਾਂ ਕੱਢ ਰਿਹਾ ਹੋਵੇਗਾ ਜਿਸ ਸਰਦਾਰ ਨੂੰ ਮੈਂ ਲੁਦਿਆਣੇ ਉਤਾਰ ਦਿੱਤਾ!

**************

ਜੇਲਰ :- ਜਨਾਬ ਕੱਲ ਰਾਤ ਸਾਰੇ ਕੈਦੀਆਂ ਨੇ
ਜੇਲ ਚ ਰਾਮ ਲੀਲਾ ਕੀਤੀ ਸੀ..
ਅਫਸਰ :- ਇਹ ਤਾਂ ਚੰਗੀ ਗੱਲ ਆ ....?
ਇਹਦੇ ਚ ਪਰੇਸ਼ਾਨ ਕਿਉਂ ਹੋ ਰਹੇ ਹੋ ?
ਜੇਲਰ :- ਜਨਾਬ ਪਰੇਸ਼ਾਨੀ ਇਹ ਆ ਕੇ ..
ਜਿਹੜਾ ਬੰਦਾ ਹਨੂੰਮਾਨ ਬਣਿਆ ਸੀ ਉਹ ਹੁਣ ਤੱਕ .. ਸੰਜੀਵਨੀ ਬੂਟੀ ਲੈ ਕੇ ਵਾਪਸ ਨੀ ਆਇਆ..

**************

ਜਦੋਂ ਕੋਈ ਸਵੇਰੇ ਸਵੇਰੇ ਆਵਾਜ਼ ਲਾਉਣ ਤੇ ਵੀ ਨਾਂ ਉੱਠੇ.. ਉਸਨੂੰ ਉਠਾਉਣ ਦਾ ਇੱਕ ਨਵਾਂ ਤਰੀਕਾ ਲਿਆਂਦਾ ਗਿਆ ਹੈ..

ਉਹਦੇ ਕੰਨ 'ਚ ਹੌਲੀ ਜੇ ਕਹਿ ਦੋ......???

ਤੇਰਾ ਬਾਪੂ ਤੇਰਾ ਮੋਬਾਇਲ ਚੈਕ ਕਰੀ ਜ਼ਾਂਦਾ ਭੱਜ ਕੇ ਉੱਠੂ ਪਤੰਦਰ..

**************

ਇਕ ਵਾਰ ਮੁਰਗੀ ਫਾਰਮ ਦਾ ਨਿਰੀਖਣ ਕੀਤਾ ਗਿਆ।

ਠਾਣੇਦਾਰ : ਹਾਂ ਬਈ ਤੁਸੀ ਕੀ ਪਾਉਣੇ ਹੋ ਮੁਰਗੀਆਂ ਨੂੰ।

ਫਾਰਮਰ : ਜੀ ਬਾਜਰਾ!

ਠਾਣੇਦਾਰ : ਏਨੀ ਗਰਮੀ ਚ ਬਾਜਰਾ ਚੱਕੋ ਇਸਨੂੰ ਲੈਜੋ ਥਾਣੇ !

ਠਾਣੇਦਾਰ : ਹਾਂ ਤੂੰ ਕੀ ਪਾਉਣਾ ਮੁਰਗੀਆ ਨੂੰ
ਦੂਜਾ ਫਾਰਮਰ : ਜੀ ਚੌਲ !
ਠਾਣੇਦਾਰ : ਇਹਨੂੰ ਵੀ ਲੈਜੋ ਥਾਣੇ ।

ਠਾਣੇਦਾਰ ਆਖਰ ਚ ਪੱਪੂ ਨੂੰ: ਤੂੰ ਕੀ ਪਾਉਣਾ ਓਏ ਮੁਰਗੀਆ ਨੂੰ
ਪੱਪੂ ਡਰਦਾ ਹੋਇਆ
ਕਹਿੰਦਾ :
ਜੀ ਅਸੀ ਤਾਂ ਪੰਜ-ਪੰਜ ਰੁਪੈ ਦੇ ਕਿ
ਕਹਿ ਦਿੰਦੇ ਵੀ ਜੋ ਜੋ ਜੀਅ ਕਰਦਾ ਹੱਟੀ ਤੋ ਲੈ ਕਿ ਖਾ ਲਿਓ!

**************

ਇਕ ਪੰਡਿਤ ਭੱਜਦਾ ਭੱਜਦਾ ਇਕ ਸੋਹਣੀ ਕੁੜੀ ਵਿਚ ਵੱਜਦਾ।

ਕੁੜੀ - ਸ਼ਰਮ ਨੀ ਆਉਂਦੀ , ਸਿਰ ਤੇ ਇੰਨੀ ਵਡੀ ਬੋਦੀ ਰੱਖ ਕੇ
ਕੁੜੀਆ ਚ ਟੱਕਰਾਂ ਮਾਰਦਾ!
ਪੰਡਿਤ - ਬੀਬੀ.. ਬੋਦੀ ਵਿੱਚ ਬ੍ਰੇਕ ਨਹੀਂ ਲੱਗੇ ਹੋਏ!

**************

ਬੱਚਾ ਨਕਲੀ ਦੀ ਰੇਲ ਗੱਡੀ ਨਾਲ ਖੇਡ ਰਿਹਾ ਸੀ ਨਾਲ ਨਾਲ ਬੋਲੀ ਜਾਦਾ ਸੀ.. ਜਿਸ ਕੁੱਤੇ ਨੇ ਉੱਤਰਨਾ ਉੱਤਰ ਜਾਵੇ ਜਿਸ ਕੰਜਰ ਨੇ ਚੜਣਾ ਚੱੜ ਜਾਵੇ......... ਪਿਓ ਨੇ ਗੱਡੀ ਫੱੜ ਕੇ ਦੋ ਚਪੇੜਾ ਮਾਰੀਆਂ ਮੁੰਡੇ ਦੇ....?

10 ਮਿੰਟ ਬਾਅਦ ਬੱਚਾ ਫਿਰ.. ਕਹਿੰਦਾ ਜਿਸ ਕੁੱਤੇ ਨੇ ਉੱਤਰਨਾ ਉੱਤਰ ਜਾਵੇ.. ਜਿਸ ਕੰਜਰ ਨੇ ਚੜਣਾ ਚੜ ਜਾਵੇ.. ਗੱਡੀ ਅੱਗੇ ਕਿਸੇ ਕੰਜਰ ਦੀ ਵਜਾ ਨਾਲ 10 ਮਿੰਟ ਲੇਟ ਹੋਗੀ ਆ

**************

ਅਮਲੀ- ਡਾਕਟਰ ਸਾਹਿਬ, ਮੈਨੂੰ 2 ਸਾਲ ਪਹਿਲਾਂ ਬੁਖਾਰ ਹੋ ਗਿਆ ਸੀ।

ਡਾਕਟਰ- ਤਾਂ ਹੁਣ ਕੀ ਹੈ?

ਅਮਲੀ : ਤੁਸੀ ਉਸ ਸਮੇਂ ਮੈਨੂੰ ਨਹਾਉਣ ਤੋਂ ਮਨਾ ਕਰ ਦਿੱਤਾ ਸੀ, ਅੱਜ ਮੈਂ ਇੱਥੋਂ ਲੰਘ ਰਿਹਾ ਸੀ ਤਾਂ ਸੋਚਿਆ ਪੁੱਛ ਲਵਾਂ.. "ਕੀ ਮੈਂ ਹੁਣ ਨਹਾ ਸਕਦਾਂ?

********

ਪਤਨੀ ਸ਼ੌਕ ਨਾਲ ਘਰ ਵਿੱਚ ਕੁੱਤਾ ਲੈ ਆਈ..

ਪਤੀ ਗੁੱਸੇ ਵਿੱਚ ਬੋਲਿਆ, ''ਕਿਸੇ ਦਿਨ ਮੈਂ ਤੇਰੇ ਕੁੱਤੇ ਦੀ ਜਾਨ ਲੈ ਲਵਾਂਗਾ।''

ਪਤਨੀ, ''ਕਿਉਂ, ਅਜਿਹਾ ਕੀ ਕੀਤਾ ਇਸ ਨੇ?''

ਪਤੀ, ''ਜਦੋਂ ਵੀ ਮੈਂ ਗਾਉਣ ਲਗਦਾ ਹਾਂ, ਇਹ ਭੌਂਕਣਾ ਸ਼ੁਰੂ ਕਰ ਦਿੰਦਾ ਹੈ।''

ਪਤਨੀ, ''ਇਸ ਵਿੱਚ ਇਸਦਾ ਕੀ ਕਸੂਰ ਹੈ, ਸ਼ੁਰੂਆਤ ਤਾਂ ਤੁਸੀਂ ਹੀ ਕਰਦੇ ਹਾਂ।''

********

ਭਿਖਾਰੀ, ''ਭਗਵਾਨ ਦੇ ਲਈ ਅੰਨ੍ਹੇ ਭਿਖਾਰੀ ਨੂੰ ਕੁਝ ਦੇ ਦਿਓ ਬਾਬਾ।"

ਰਾਹਗੀਰ, ''ਭੀਖ ਤਾਂ ਦੇ ਦਿਆਂ, ਪਰ ਕਿਵੇਂ ਮੰਨ ਲਵਾਂ ਕਿ ਤੂੰ ਅੰਨ੍ਹਾ ਏਂ?"

ਭਿਖਾਰੀ, ''ਸਾਹਿਬ ਕੀ ਤੁਹਾਨੂੰ ਸਾਹਮਣੇ ਵਾਲੇ ਲਾਲ ਮਕਾਨ ਉਤੇ ਬੈਠਾ ਸਫੈਦ ਕਬੂਤਰ ਨਜ਼ਰ ਆ ਰਿਹਾ ਹੈ।"

ਰਾਹਗੀਰ, ''ਹਾਂ ਮੈਨੂੰ ਤਾਂ ਨਜ਼ਰ ਆ ਰਿਹਾ ਹੈ।"

ਭਿਖਾਰੀ, ''...ਪਰ ਮੈਨੂੰ ਉਹ ਨਜ਼ਰ ਨਹੀਂ ਆ ਰਿਹੈ।"

********

ਕ੍ਰਿਸ਼ਨ ਨੇ ਆਪਣੀ ਪਤਨੀ ਚੰਚਲ ਨੂੰ ਕਿਹਾ, ''ਜੇ ਤੂੰ ਇੱਕ ਦਿਨ ਮੈਨੂੰ ਆਪਣੇ ਹੱਥ ਨਾਲ ਖਾਣਾ ਬਣਾ ਕੇ ਖੁਆ ਦੇਵੇਂ ਤਾਂ ਮੈਂ ਤੈਨੂੰ ਅਜਿਹੀ ਖਬਰ ਸੁਣਾਵਾਂਗਾ, ਜਿਸ ਨੂੰ ਸੁਣ ਕੇ ਤੂੰ ਉਛਲ ਪਵੇਂਗੀ।"

ਉਸੇ ਦਿਨ ਚੰਚਲ ਨੇ ਬੜੇ ਉਤਸ਼ਾਹ ਨਾਲ ਖਾਣਾ ਬਣਾ ਕੇ ਕ੍ਰਿਸ਼ਨ ਨੂੰ ਖਵਾਇਆ ਤੇ ਬੋਲੀ, ''ਸੁਣਾਓ ਖਬਰ?"

''ਕੱਲ੍ਹ ਤੋਂ ਰਸੋਈਆ ਖਾਣਾ ਬਣਾਉਣ ਨਹੀਂ ਆਇਗਾ?" ਕ੍ਰਿਸ਼ਨ ਨੇ ਕਿਹਾ।

********

ਸੰਤਾ :- ਤੁਸੀਂ ਹਸਪਤਾਲ ਤੋਂ ਬਿਨਾਂ ਅਪਰੇਸ਼ਨ ਕਰਵਾਏ ਕਿਉਂ ਭੱਜ ਗਏ?

ਬੰਤਾ :- ਨਰਸ ਵਾਰ-ਵਾਰ ਕਹਿ ਰਹੀ ਸੀ ਕਿ ਡਰੋ ਨਾ, ਹਿੰਮਤ ਰੱਖੋ, ਕੁਝ ਨਹੀਂ ਹੋਵੇਗਾ.. ਇਹ ਤਾਂ ਇੱਕ ਛੋਟਾ ਜਿਹਾ ਅਪਰੇਸ਼ਨ ਹੈ!

ਸੰਤਾ: ਤਾਂ ਡਰਨ ਵਾਲੀ ਕੀ ਗੱਲ ਹੈ? ਨਰਸ ਠੀਕ ਤਾਂ ਕਹਿ ਰਹੀ ਸੀ!

ਬੰਤਾ :- ਜੀਜਾ, ਉਹ ਮੈਨੂੰ ਨਹੀਂ ਡਾਕਟਰ ਕਹਿ ਰਹੀ ਸੀ !!!

********

ਸੰਤਾ ਪਹਿਲੀ ਵਾਰ 5 ਸਟਾਰ ਹੋਟਲ ਗਿਆ... ਚਾਹ ਦਾ ਆਰਡਰ ਕੀਤਾ ...

ਕੁਝ ਹੀ ਮਿੰਟਾਂ ਵਿੱਚ, ਇੱਕ ਸੂਟਿਡ ਬੂਟਿਡ ਵੇਟਰ ਕੇਤਲੀ ਵਿੱਚ ਗਰਮ ਪਾਣੀ, ਇੱਕ ਕੇਤਲੀ ਵਿੱਚ ਦੁੱਧ, ਚਾਹ ਪੱਤੀਆਂ ਦਾ ਇੱਕ ਥੈਲਾ ਅਤੇ ਕੁਝ ਚੀਨੀ ਦੇ ਕਿਊਬ ਦੇ ਕੇ ਚਲਾ ਗਿਆ।

ਥੋੜੀ ਦੇਰ ਬਾਅਦ ਵੇਟਰ ਨੇ ਆ ਕੇ ਪੁੱਛਿਆ: ਸਰ ਕੀ ਤੁਸੀਂ ਹੋਰ ਕੁਝ ਲੈਣਾ ਚਾਹੋਗੇ?

ਸੰਤਾ ਨੇ ਕਿਹਾ: ਮੈਂ ਵੀ ਬਿਰਯਾਨੀ ਖਾਣਾ ਚਾਹੁੰਦਾ ਸੀ, ਪਰ ਰਹਿਣ ਦਿਓ... ਮੈਨੂੰ ਖਾਣਾ ਬਣਾਉਣਾ ਨਹੀਂ ਆਉਂਦਾ !!!

********

ਭਿਖਾਰੀ : 5 ਰੁਪਏ ਦਾ ਸਵਾਲ ਹੈ ਬਾਬਾ !
ਸੰਤਾ: ਪੁੱਛੋ, ਸ਼ਾਇਦ ਮੈਨੂੰ ਉੱਤਰ ਯਾਦ ਹੋਵੇ!
ਭਿਖਾਰੀ: ਬੇਹੋਸ਼....

********

ਸੰਤਾ ਦੇ ਹੱਥ ਵਿਚ ਨਵਾਂ ਫ਼ੋਨ ਦੇਖ ਕੇ ਬੰਤਾ ਬੋਲਿਆ: ਤੁਸੀਂ ਨਵਾਂ ਫ਼ੋਨ ਕਦੋਂ ਲਿਆ?

ਸੰਤਾ: ਨਵਾਂ ਨਹੀਂ, ਇਹ ਸਹੇਲੀ ਦਾ ਹੈ!
ਬੰਤਾ : ਸਹੇਲੀ ਦਾ ਫੋਨ ਕਿਉਂ ਲਿਆਇਆ ?
ਸੰਤਾ : ਰੋਜ ਕਹਿੰਦਾ ਸੀ, ਮੇਰਾ ਫ਼ੋਨ ਨਾ ਚੁੱਕੋ..! ਅੱਜ ਇੱਕ ਮੌਕਾ ਮਿਲਿਆ, ਇਸ ਲਈ ਇਸਨੂੰ ਚੁੱਕਿਆ !!

********

ਬੰਤਾ ਆਪਣੀ ਪਤਨੀ ਨੂੰ ਅੰਗਰੇਜ਼ੀ ਪੜ੍ਹਾ ਰਿਹਾ ਸੀ।

ਦੁਪਹਿਰ ਨੂੰ ਪਤਨੀ ਨੇ ਕਿਹਾ, "ਰਾਤ ਦਾ ਖਾਣਾ ਖਾਹ ਲਵੋ...

ਬੰਤਾ - ਮੂਰਖ ਔਰਤ, ਇਹ ਰਾਤ ਦਾ ਖਾਣਾ ਨਹੀਂ, ਦੁਪਹਿਰ ਦਾ ਖਾਣਾ ਹੈ...।"

ਘਰਵਾਲੀ -ਕਮਲਿਆ....ਇਹ ਰਾਤ ਦਾ ਬਚਿਆ ਹੋਇਆ ਭੋਜਨ ਹੈ....ਚੁੱਪ ਕਰ ਕੇ ਚਰ ਲੈ।

********

ਸੰਤਾ ਨੇ ਹਲਵਾਈ ਦੀ ਦੁਕਾਨ 'ਤੇ ਅੱਧਾ ਕਿਲੋ ਜਲੇਬੀਆਂ ਲੈ ਕੇ ਖਾ ਲਈਆਂ!

ਦੁਕਾਨਦਾਰ ਨੇ ਕਿਹਾ - ਆਹ ਜਲੇਬੀਆਂ ਦੇ ਪੈਸੇ ਦਿਉ।

ਸੰਤਾ - ਪੈਸਾ ਤਾ ਮੇਰੇ ਕੋਲ ਹੈ ਨਹੀਂ ..

ਇਸ 'ਤੇ ਦੁਕਾਨਦਾਰ ਨੇ ਆਪਣੇ ਲੜਕੇ ਨੂੰ ਬੁਲਾ ਕੇ ਸੰਤਾ ਦੀ ਚੰਗੀ ਕੁੱਟਮਾਰ ਕੀਤੀ।

ਕੁੱਟ ਖਾਣ ਤੋਂ ਬਾਅਦ ਸੰਤਾ ਉੱਠਿਆ ਅਤੇ ਹੱਥ-ਪੈਰ ਝਾੜ ਕੇ ਕਿਹਾ,ਇਸੇ ਭਾਅ ਇੱਕ ਕਿੱਲੋ ਹੋਰ ਤੋਲ ਦਿਓ।

********

ਦੋ ਅਮਲੀ ਨਸ਼ੇ ਵਿੱਚ ਰੇਲਵੇ ਪਟੜੀ ਦੇ ਵਿਚਕਾਰ ਜਾ ਰਹੇ ਸਨ।

ਪਹਿਲਾ ਅਮਲੀ: ਓ ਮੇਰੇ ਰੱਬ, ਮੈਂ ਪਹਿਲਾਂ ਕਦੇ ਇੰਨੀਆਂ ਪੌੜੀਆਂ ਕਦੇ ਨਹੀਂ ਚੜ੍ਹਿਆ?

ਦੂਸਰਾ ਅਮਲੀ ' : ਆਹ ਪੌੜੀਆਂ ਤਾਂ ਠੀਕ ਹਨ, ਮੈਂ ਤਾਂ ਹੈਰਾਨ ਹਾਂ ਕਿ ਰੇਲਿੰਗ ਪੁਠੀ ਲਾਈ ਹੈ ਕੋਡੇ ਹੋ ਕੇ ਫੜ੍ਹਨੀ ਪੈ ਰਹੀ ਹੈ।

********

ਸੰਤਾ ਖੁਦ ਰੋਟੀ ਖਾ ਰਿਹਾ ਸੀ ਅਤੇ ਕੋਲ ਬੈਠੀ ਕੁਕੜੀ ਨੂੰ ਖੁਆ ਰਿਹਾ ਸੀ...
ਬੰਤਾ :- "ਇਹ ਕੀ ਕਰ ਰਿਹਾ ਹੈ? ,
ਸੰਤਾ :- "ਮੈਂ ਚਿਕਨ ਨਾਲ ਰੋਟੀ ਖਾ ਰਿਹਾ ਹਾਂ"

********

ਮੋਹਨ ਦਾਸ ਬਹੁਤ ਪਰੇਸ਼ਾਨ ਸੀ, ਗਰੀਬ ਦਾ ਵਿਆਹ ਨਹੀਂ ਹੋ ਰਿਹਾ ਸੀ। ਹਰ ਵਾਰ ਵਿਆਹ ਹੁੰਦਾ, ਟੁੱਟ ਜਾਂਦਾ।

ਮੇਰੇ ਸਾਰੇ ਦੋਸਤਾਂ ਨੂੰ ਪੁੱਛਿਆ ਪਰ ਕੋਈ ਹੱਲ ਨਹੀਂ ਹੋਇਆ।

ਮੋਹਨ ਦਾਸ ਇੱਕ ਦਿਨ ਇੱਕ ਪੰਡਿਤ ਉਸ ਕੋਲ ਪਹੁੰਚਿਆ ਅਤੇ ਕਿਹਾ - ਪੰਡਿਤ ਜੀ ਮੈਨੂੰ ਕੋਈ ਹੱਲ ਦੱਸੋ, ਮੇਰਾ ਵਿਆਹ ਕਿਉਂ ਨਹੀਂ ਹੋ ਰਿਹਾ?

ਪੰਡਿਤ ਜੀ ਨੇ ਕਿਹਾ- ਵਿਆਹ ਤਾਂ ਹੋ ਜਾਵੇਗਾ, ਪਰ ਸਭ ਤੋਂ ਪਹਿਲਾਂ ਹਮੇਸ਼ਾ ਲਈ ਖੁਸ਼ ਰਹਿਣ ਲਈ ਲੋਕਾਂ ਤੋਂ ਆਸ਼ੀਰਵਾਦ ਲੈਣਾ ਬੰਦ ਕਰ ਦਿਓ।

********

ਬਿੱਲੂ: ਅੱਜ ਸਵੇਰੇ ਇੱਕ ਬਿੱਲੀ ਨੇ ਮੇਰਾ ਰਸਤਾ ਕੱਟ ਦਿੱਤਾ
ਬੰਤਾ : ਫਿਰ ?
ਬਿੱਲੂ: ਫੇਰ ਕੀ ਅੱਗੇ ਜਾ ਕੇ ਉਸ ਬਿੱਲੀ ਦਾ ਐਕਸੀਡੈਂਟ ਹੋ ਗਿਆ? ...ਸਾਡੇ ਨਾਲ ਪੰਗਾ ਲੈਂਦੀ ਸੀ!

********

ਸੰਤਾ ਪਹਿਲੀ ਵਾਰ 5 ਸਟਾਰ ਹੋਟਲ ਗਿਆ... ਚਾਹ ਦਾ ਆਰਡਰ ਕੀਤਾ ...

ਕੁਝ ਹੀ ਮਿੰਟਾਂ ਵਿੱਚ, ਇੱਕ ਸੂਟਿਡ ਬੂਟਿਡ ਵੇਟਰ ਕੇਤਲੀ ਵਿੱਚ ਗਰਮ ਪਾਣੀ, ਇੱਕ ਕੇਤਲੀ ਵਿੱਚ ਦੁੱਧ, ਚਾਹ ਪੱਤੀਆਂ ਦਾ ਇੱਕ ਥੈਲਾ ਅਤੇ ਕੁਝ ਚੀਨੀ ਦੇ ਕਿਊਬ ਦੇ ਕੇ ਚਲਾ ਗਿਆ।

ਥੋੜੀ ਦੇਰ ਬਾਅਦ ਵੇਟਰ ਨੇ ਆ ਕੇ ਪੁੱਛਿਆ: ਸਰ ਕੀ ਤੁਸੀਂ ਹੋਰ ਕੁਝ ਲੈਣਾ ਚਾਹੋਗੇ?

ਸੰਤਾ ਨੇ ਕਿਹਾ: ਮੈਂ ਵੀ ਬਿਰਯਾਨੀ ਖਾਣਾ ਚਾਹੁੰਦਾ ਸੀ, ਪਰ ਰਹਿਣ ਦਿਓ... ਮੈਨੂੰ ਖਾਣਾ ਬਣਾਉਣਾ ਨਹੀਂ ਆਉਂਦਾ !!!

********

ਭਿਖਾਰੀ : 5 ਰੁਪਏ ਦਾ ਸਵਾਲ ਹੈ ਬਾਬਾ !
ਸੰਤਾ: ਪੁੱਛੋ, ਸ਼ਾਇਦ ਮੈਨੂੰ ਉੱਤਰ ਯਾਦ ਹੋਵੇ!
ਭਿਖਾਰੀ: ਬੇਹੋਸ਼....

********

ਸੰਤਾ ਦੇ ਹੱਥ ਵਿਚ ਨਵਾਂ ਫ਼ੋਨ ਦੇਖ ਕੇ ਬੰਤਾ ਬੋਲਿਆ: ਤੁਸੀਂ ਨਵਾਂ ਫ਼ੋਨ ਕਦੋਂ ਲਿਆ?

ਸੰਤਾ: ਨਵਾਂ ਨਹੀਂ, ਇਹ ਸਹੇਲੀ ਦਾ ਹੈ!
ਬੰਤਾ : ਸਹੇਲੀ ਦਾ ਫੋਨ ਕਿਉਂ ਲਿਆਇਆ ?
ਸੰਤਾ : ਰੋਜ ਕਹਿੰਦਾ ਸੀ, ਮੇਰਾ ਫ਼ੋਨ ਨਾ ਚੁੱਕੋ..! ਅੱਜ ਇੱਕ ਮੌਕਾ ਮਿਲਿਆ, ਇਸ ਲਈ ਇਸਨੂੰ ਚੁੱਕਿਆ !!

********

ਬੰਤਾ ਆਪਣੀ ਪਤਨੀ ਨੂੰ ਅੰਗਰੇਜ਼ੀ ਪੜ੍ਹਾ ਰਿਹਾ ਸੀ।

ਦੁਪਹਿਰ ਨੂੰ ਪਤਨੀ ਨੇ ਕਿਹਾ, "ਰਾਤ ਦਾ ਖਾਣਾ ਖਾਹ ਲਵੋ...

ਬੰਤਾ - ਮੂਰਖ ਔਰਤ, ਇਹ ਰਾਤ ਦਾ ਖਾਣਾ ਨਹੀਂ, ਦੁਪਹਿਰ ਦਾ ਖਾਣਾ ਹੈ...।"

ਘਰਵਾਲੀ -ਕਮਲਿਆ....ਇਹ ਰਾਤ ਦਾ ਬਚਿਆ ਹੋਇਆ ਭੋਜਨ ਹੈ....ਚੁੱਪ ਕਰ ਕੇ ਚਰ ਲੈ।

********

ਬਿੱਲੂ: ਅੱਜ ਸਵੇਰੇ ਇੱਕ ਬਿੱਲੀ ਨੇ ਮੇਰਾ ਰਸਤਾ ਕੱਟ ਦਿੱਤਾ
ਬੰਤਾ : ਫਿਰ ?
ਬਿੱਲੂ: ਫੇਰ ਕੀ ਅੱਗੇ ਜਾ ਕੇ ਉਸ ਬਿੱਲੀ ਦਾ ਐਕਸੀਡੈਂਟ ਹੋ ਗਿਆ? ...ਸਾਡੇ ਨਾਲ ਪੰਗਾ ਲੈਂਦੀ ਸੀ!








ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।



ਜੀਵਨ ਸਿੰਘ ਮੋਗਾ

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

Ph : 604-825-3075, 604-744-4400
2642 Cedar Park Abbotsford, British Columbia V2T 3S5

SekCheck FINGERPRINTING SERVICES

*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver

Ph:604-628-4446, 778-536-1188
#255-13711-72Ave Surrey, BC

## (ਸਫਾ ਏ15 ਦੀ ਬਾਕੀ)

ਆਲੋਚਨਾਤਮਿਕ ਅਧਿਐਨ ਕੀਤਾ ਜਾਂਦਾ ਹੈ ਅਤੇ ਦੇਸ਼ ਨੂੰ ਬਰਬਾਦ ਕਰ ਰਹੀਆਂ ਤਾਕਤਾਂ ਉਪਰ ਕਰਾਰੀ ਚੋਟ ਮਾਰੀ ਜਾਂਦੀ ਹੈ, ਤਾਂ ਅਕਸਰ ਇਕ ਸ਼ੇਅਰ ਪੜ੍ਹਿਆ ਜਾਂਦਾ ਹੈ। ਇਹ ਸ਼ੇਅਰ ਅਖਾਣ ਵਾਂਗ ਮਸ਼ਹੂਰ ਹੋ ਚੁੱਕਿਆ ਹੈ। ਇਹ ਸ਼ੇਅਰ ਸ਼ਾਇਰ ਸ਼ੌਕ ਬਹਿਰਾਇਚੀ (1884-1964) ਦਾ ਹੈ, ਜਿਸਨੇ ਪਹਿਲੀ ਵਾਰ ਇਕ ਸਿਆਸੀ ਜਲਸੇ ਮੌਕੇ ਤਿੱਖਾ ਵਿਅੰਗ ਕਰਦਿਆ, ਇਹ ਸ਼ੇਅਰ ਇਉਂ ਪੜ੍ਹਿਆ ਸੀ,

"ਬਸ ਏਕ ਹੀ ਉੱਲੂ ਕਾਫ਼ੀ ਥਾ, ਬਰਬਾਦ ਗੁਲਸਿਤਾਂ ਕਰਨੇ ਕੋ

ਹਰ ਸ਼ਾਖ਼ ਪੇ ਉਲੂ ਬੈਠਾ ਹੈ, ਅੰਜਾਮ -ਏ-ਗੁਲਸਿਤਾਂ ਕਿਆ ਹੋਗਾ?"

ਗੁਰਬਤ ਤੇ ਗੁਮਨਾਮੀ ਭਰੀ ਜ਼ਿੰਦਗੀ ਗੁਜ਼ਾਰਨ ਵਾਲੇ ਸ਼ਾਇਰ ਸ਼ੌਕ ਬਹਿਰਾਇਚੀ ਦਾ ਇਹ ਮਸ਼ਹੂਰ ਸ਼ੇਅਰ ਭਾਰਤ ਦੇ 73ਵੇਂ ਗਣਤੰਤਰ ਦਿਹਾੜੇ ਮੌਕੇ ਨਜ਼ਰ ਆ ਰਹੇ ਹਾਲਾਤ 'ਤੇ ਪੂਰਾ ਢੁਕਦਾ ਹੈ। ਇਕ ਪਾਸੇ 'ਸਰਕਾਰ ਦੇ ਕਾਲੇ ਕਾਨੂੰਨ ਯੂ. ਏ. ਪੀ. ਏ. ਦੇ ਅਧੀਨ ਦੇਸ਼ ਦੇ ਬੁੱਧੀਜੀਵੀ ਜੇਲ੍ਹਾਂ ਵਿੱਚ ਡੱਕੇ ਹੋਏ ਹਨ ਅਤੇ ਸਜ਼ਾਵਾਂ ਭੁਗਤ ਚੁੱਕੇ ਸਿਆਸੀ ਕੈਦੀ ਅਜੇ ਵੀ ਹਵਾਲਾਤਾਂ ਚ ਸੜ ਰਹੇ ਹਨ, ਦੂਜੇ ਪਾਸੇ ਦੇਸ਼ ਵਿੱਚ ਸਿਆਸਤਦਾਨਾਂ ਵੱਲੋਂ ਮਾਨਵਵਾਦ ਉਤੇ ਫਿਰਕੂਵਾਦ ਅਤੇ ਲੋਕਤੰਤਰ ਉਤੇ ਫਾਸ਼ੀਵਾਦ ਦੀ ਜਿੱਤ ਦਾ, ਨੰਗਾ- ਚਿੱਟਾ ਪ੍ਰਚਾਰ ਕੀਤਾ ਜਾ ਰਿਹਾ ਹੈ। ਢਾਂਚਾਗਤ ਨਸਲਵਾਦ ਦਾ ਬੋਲਬਾਲਾ ਸਿਖ਼ਰਾਂ ਨੂੰ ਛੂਹ ਰਿਹਾ ਹੈ। ਬਹੁ-ਸੰਖਿਆਵਾਦ ਦੀ ਦਹਿਸ਼ਤਗਰਦੀ ਦੇਸ਼ ਦੀਆਂ ਘੱਟ ਗਿਣਤੀਆਂ ਨੂੰ ਆਪਣੇ ਵਿੱਚ ਜਜ਼ਬ ਕਰਨ ਜਾਂ ਮੂਲੋਂ ਹੀ ਮਿਟਾਉਣ 'ਤੇ ਤੁਲੀ ਹੋਈ ਹੈ। ਬੀਬੀਸੀ ਵੱਲੋਂ ਤਿਆਰ ਕੀਤੀ ਗਈ ਡਾਕੂਮੈਂਟਰੀ ਇਸ ਦੀ ਤਸਵੀਰ ਪ੍ਰਤੱਖ ਰੂਪ ਵਿਚ ਉਜਾਗਰ ਕਰਦੀ ਹੈ।

ਸੈਂਕੜੇ ਚਿੰਤਕ ਅਤੇ ਬੁੱਧੀਜੀਵੀ ਕਾਲੇ ਕਾਨੂੰਨਾਂ ਅਧੀਨ ਜੇਲ੍ਹਾਂ 'ਚ ਡੱਕੇ ਹੋਏ ਹਨ, ਜਿਨ੍ਹਾਂ ਦਾ ਕਸੂਰ ਮਹਿਜ਼ ਇੰਨਾ ਹੈ ਕਿ ਉਨ੍ਹਾਂ ਸਮੇਂ ਸਮੇਂ ਸਰਕਾਰ ਦੀ ਗ਼ਲਤ ਕਾਰਵਾਈਆਂ ਦੀ ਨਿੰਦਿਆ ਕੀਤੀ ਹੈ। ਭਾਰਤ ਵਿਚ ਸਰਕਾਰ ਦੀ ਅਲੋਚਨਾਂ ਕਰਨਾ ਸਭ ਤੋਂ ਵੱਡਾ ਜ਼ੁਰਮ ਹੈ। ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਖ਼ਿਲਾਫ਼ ਭੁਗਤਣ ਵਾਲਿਆਂ ਲਈ ਜੇਲ੍ਹਾਂ ਹਨ, ਜਦਕਿ ਸਰਕਾਰ ਦੇ ਸੋਹਲੇ ਗਾਉਣ ਵਾਲੇ ਅਖੌਤੀ ਲੇਖਕਾਂ ਅਤੇ ਸਰਕਾਰਪ੍ਰਸਤਾਂ ਨੂੰ ਪੁਰਸਕਾਰਾਂ ਨਾਲ ਸਨਮਾਨਿਆ ਜਾ ਰਿਹਾ ਹੈ। ਜਾਗਦੀ ਜ਼ਮੀਰ ਵਾਲੇ ਅਜਿਹੇ ਸਨਮਾਨ ਠੁਕਰਾ ਰਹੇ ਹਨ, ਪਰ ਜਿਨ੍ਹਾਂ ਦੀ ਜ਼ਮੀਰ ਮਰ ਚੁੱਕੀ ਹੈ, ਉਹ ਇਨ੍ਹਾਂ ਲਈ ਤਰਲੋ- ਮੱਛੀ ਹੋ ਰਹੇ ਹਨ। ਉਹ ਸੈਂਕੜੇ ਕਿਸਾਨਾਂ ਦੀਆਂ ਲਾਸ਼ਾਂ 'ਤੇ ਪੈਰ ਧਰਦਿਆਂ ਇਹ ਪੁਰਸਕਾਰ ਲੈਣ ਲਈ ਕਾਹਲੇ ਹਨ।

ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਪਵੇ ਅਤੇ ਰੱਖਿਅਕ ਹੀ ਭੱਖਿਅਕ ਬਣ ਜਾਣ, ਤਾਂ ਪੀੜਤ ਦੇ ਬਚ ਸਕਣ ਦੀ ਆਸ ਮੁੱਕ ਜਾਂਦੀ ਹੈ। ਇਉਂ ਹਰ ਟਹਿਣੀ 'ਤੇ ਬੈਠੇ ਸਿਆਸੀ ਉਲੂਆਂ ਤੋਂ ਦੇਸ਼ ਰੂਪੀ ਬਾਗ਼ ਨੂੰ ਬਰਬਾਦ ਹੋਣੋਂ ਕਿਵੇਂ ਬਚਾਇਆ ਜਾ ਸਕਦਾ ਹੈ ? ਅੰਤਾਂ ਦੀ ਦੁਖੀ ਜਨਤਾ ਸ਼ਾਇਰ 'ਇਰਤਜ਼ਾ ਨਿਸ਼ਾਤ' ਦੇ ਕਹਿਣ ਵਾਂਗ ਅੱਜ ਇੰਡੀਅਨ ਸਟੇਟ ਦੀ ਸੱਤਾ ਤੇ ਕਾਬਜ਼ ਹੁਕਮਰਾਨਾਂ ਤੋਂ ਇਹ ਮੰਗ ਕਰ ਰਹੀ ਹੈ,

"ਕੁਰਸੀ ਹੈ ਤੁਮਹਾਰਾ ਜਨਾਜ਼ਾ ਤੋਂ ਨਹੀਂ

ਕੁਛ ਕਰ ਨਹੀਂ ਸਕਤੇ ਤੋਂ ਉੱਤਰ ਕਿਉਂ ਨਹੀਂ ਜਾਤੇ।"

ਅਖੌਤੀ ਲੋਕਤੰਤਰ ਦੇ ਨਾਂ 'ਤੇ ਭਾਰਤ 'ਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ 1975 ਵਿਚ ਐਮਰਜੈਂਸੀ ਲਾ ਕੇ ਲੋਕਰਾਜੀ ਤਾਕਤਾਂ ਨਸ਼ਟ ਕਰਨਾ, ਅਜਿਹੀ ਮੰਦਭਾਗੀ ਕਾਰਵਾਈ ਸੀ, ਜਿਸਨੇ ਆਜ਼ਾਦੀ ਦਾ ਸਿਧਾਂਤ ਹੀ ਬਰਬਾਦ ਕਰ ਦਿੱਤਾ। ਅੱਜ ਦੇਸ਼ 'ਚ ਵੱਖ - ਵੱਖ ਸੂਬਿਆਂ ਅੰਦਰ ਕੇਂਦਰ ਦੇ ਨੁਮਾਇੰਦੇ ਰਾਜਪਾਲਾਂ ਰਾਹੀ, ਸਰਕਾਰਾਂ ਤੋੜਨ ਅਤੇ ਸਿਆਸੀ ਖਰੀਦੋ- ਫ਼ਰੋਖ਼ਤ ਦਾ ਧੰਦਾ ਜ਼ੋਰਾਂ 'ਤੇ ਹੈ। ਦੇਸ਼ ਅੰਦਰ ਅੱਜ ਚੋਣਾਂ ਮੌਕੇ 'ਸਾਮ, ਦਾਮ, ਦੰਡ, ਭੇਦ ਨੀਤੀ' ਵਰਤ ਕੇ ਦੇਸ਼ ਵਾਸੀਆਂ ਨੂੰ ਵੰਡਣਾ,ਖ਼ਰੀਦਣਾ, ਡਰਾਉਣਾ- ਧਮਕਾਉਣਾ ਸ਼ਰ੍ਹੇਆਮ ਚੱਲ ਰਿਹਾ ਹੈ। ਐਮਰਜੈਂਸੀ ਵੇਲੇ ਇੰਦਰਾ ਗਾਂਧੀ ਬਾਰੇ ਪ੍ਰਸਿੱਧ ਸ਼ਾਇਰ ਡਾ ਦੁਸ਼ਯੰਤ ਕੁਮਾਰ ਤਿਆਗੀ ਨੇ ਜੋ ਲਿਖਿਆ ਸੀ, ਅੱਜ ਉਹ ਨਰਿੰਦਰ ਮੋਦੀ 'ਤੇ ਵੀ ਪੂਰਾ ਢੁੱਕਦਾ ਹੈ,

"ਏਕ 'ਗੁੜੀਆ' ਕੀ ਕਈ ਕਠਪੁਤਲੀਓਂ ਮੇਂ ਜਾਨ ਹੈ।

ਆਜ ਸ਼ਾਇਰ ਯੇਹ ਤਮਾਸ਼ਾ ਦੇਖ ਕੇ ਹੈਰਾਨ ਹੈ।<br>
ਮਸਲ ਹਤ ਆਮੇਜ਼ ਹੋਤੇ ਹੈ ਸਿਆਸਤ ਕੇ ਕਦਮ<br>
ਤੂ ਨਾ ਸਮਝੇਗਾ ਅਭੀ ਤੂ ਅਭੀ ਇਨਸਾਨ ਹੈ।<br>
ਕੱਲ੍ਹ ਨੁਮਾਇਸ਼ ਮੇਂ ਮਿਲਾ ਵੋਹ ਚੀਥੜੇ ਪਹਿਨੇ ਹੋਏ<br>
ਮੈਨੇ ਪੂਛਾ ਨਾਮ ਬੋਲਾ ਹਿੰਦੋਸਤਾਨ ਹੈ।"

ਅੰਗਰੇਜ਼ ਸਾਮਰਾਜ ਖ਼ਿਲਾਫ਼ ਆਜ਼ਾਦੀ ਦੀ ਜੰਗ 'ਚ ਸਾਰੇ ਮਿਲਕੇ, ਬਸਤੀਵਾਦ ਅਤੇ ਨਸਲਵਾਦ ਖ਼ਿਲਾਫ਼ ਲੜੇ, ਉਨ੍ਹਾਂ ਦਾ ਮਨੋਰਥ ਆਜ਼ਾਦ ਲੋਕ ਰਾਜ ਸਥਾਪਿਤ ਕਰਨਾ ਸੀ। ਸੱਚ ਤਾਂ ਇਹ ਹੈ ਕਿ ਸੰਘ ਦੇ ਆਗੂ ਸਾਵਰਕਰ ਆਦਿ ਅੰਗਰੇਜ਼ਾਂ ਤੋਂ 'ਮੁਆਫ਼ੀਆਂ ਮੰਗ' ਕੇ ਜੇਲ੍ਹਾਂ 'ਚੋਂ ਬਾਹਰ ਆਏ, ਪਰ ਅੱਜ ਉਹ 'ਦੇਸ਼ ਭਗਤ' ਸਦਾਏ ਜਾ ਰਹੇ ਹਨ। ਭਾਰਤ ਨੂੰ ਫਿਰੰਗੀਆਂ ਤੋਂ ਅਜ਼ਾਦੀ ਦਿਵਾਉਣ ਸਮੇਂ ਸੰਘਰਸ਼ 'ਚ ਸਾਂਝਾ ਯੋਗਦਾਨ ਪਾਉਣ ਵਾਲਿਆਂ ਵਿਚੋਂ ਅੱਜ ਘੱਟ ਗਿਣਤੀਆਂ ਨੂੰ ਆਪਣੀ 'ਦੇਸ਼ ਭਗਤੀ' ਦਾ ਸਬੂਤ ਦੇਣ ਲਈ ਕਿਹਾ ਜਾ ਰਿਹਾ ਹੈ। ਸਭ ਦੀ ਵੰਨ-ਸੁਵੰਨਤਾ ਨੂੰ ਮਲੀਆਮੇਟ ਕਰਨ ਲਈ 'ਇਕ ਦੇਸ਼ ਇਕ ਭਾਸ਼ਾ' ਵਰਗੇ ਨਾਅਰੇ ਦਿੱਤੇ ਜਾ ਰਹੇ ਹਨ। ਬਹੁ-ਗਿਣਤੀਵਾਦ ਦੀ ਆੜ 'ਚ ਘੱਟ ਗਿਣਤੀ ਭਾਈਚਾਰੇ ਨੂੰ 'ਪਾਕਿਸਤਾਨ ਚਲੇ ਜਾਣ' ਤੱਕ ਦੇ ਤਾਅਨੇ ਮਾਰੇ ਜਾ ਰਹੇ ਹਨ। ਫਿਰਕੂ ਪੱਧਰ 'ਤੇ ਭਾਈਚਾਰਿਆਂ ਨੂੰ ਹੱਕਾਂ ਪੱਖੋਂ ਵੰਡਣ ਵਾਲੇ, ਨਾਗਰਿਕਤਾ ਸੋਧ ਕਾਨੂੰਨ ਲਾਗੂ ਹੋ ਚੁੱਕੇ ਹਨ। ਇਸ ਤੋਂ ਅੱਗੇ ਨੈਸ਼ਨਲ ਰਾਜਿਸਟਰੇਸ਼ਨ ਅਤੇ ਕਈ ਹੋਰ ਘੁਣਤਰਾਂ ਵੀ ਤਿਆਰ ਹੋ ਰਹੀਆਂ ਹਨ। ਦੇਸ਼ ਆਜ਼ਾਦ ਕਰਵਾਉਣ ਵਾਲਿਆਂ ਨੇ ਕਦੇ ਸੋਚਿਆ ਨਹੀਂ ਸੀ ਕਿ ਦੇਸ਼ਵਾਸੀਆਂ ਨੂੰ ਅਜਿਹੇ ਦਿਨ ਵੀ ਵੇਖਣੇ ਪੈਣਗੇ। ਅਜਿਹੇ ਜਬਰ ਦੀ ਖ਼ਤਾ ਲਈ ਨਤੀਜੇ ਭਿਅੰਕਰ ਹੋਣਗੇ, ਜਿਵੇਂ ਕਿ ਸ਼ਾਇਰ 'ਮੁਜ਼ੱਫਰ ਰਜ਼ਮੀ' ਦਾ ਪ੍ਰਸਿੱਧ ਸ਼ਿਅਰ ਹੈ:

"ਯੇਹ ਜਬਰ ਭੀ ਦੇਖਾ ਹੈ ਤਾਰੀਖ ਨਜ਼ਰੋਂ ਨੇ<br>
ਲਮਹੋਂ ਨੇ ਖ਼ਤਾ ਕੀ ਥੀ ਸਦੀਓਂ ਨੇ ਸਜ਼ਾ ਪਾਈ।"

ਭਾਰਤ ਨੂੰ ਗਣਰਾਜ ਬਣਾਉਣ ਵਾਲੇ ਸੰਵਿਧਾਨ ਦੀ ਧਾਰਾ 25 ਬੀ ਘੱਟ-ਗਿਣਤੀਆਂ ਦੇ ਹੱਕਾਂ 'ਤੇ ਡਾਕਾ ਕਹੀ ਜਾ ਸਕਦੀ ਹੈ। ਇਸ ਧਾਰਾ ਅਧੀਨ ਸਿੱਖ, ਜੈਨੀ, ਬੋਧੀ ਆਦਿ ਹਿੰਦੂਆਂ ਦਾ ਹਿੱਸਾ ਹਨ। ਧਾਰਾ ਪੱਚੀ ਬੀ ਦੀ ਸੋਧ ਲਈ ਸਿੱਖਾਂ ਨੇ ਲਗਾਤਾਰ ਸੰਘਰਸ਼ ਕੀਤਾ, ਪਰ ਉਨ੍ਹਾਂ ਨਾਲ ਹਮੇਸ਼ਾ ਬੇਇਨਸਾਫੀ ਹੀ ਹੋਈ। ਅਜਿਹੀ ਸੂਰਤ ਵਿੱਚ 'ਛੱਬੀ ਜਨਵਰੀ ਸਿੱਖਾਂ ਲਈ ਕਾਲੇ ਦਿਹਾੜੇ' ਤੋਂ ਸਿਵਾ ਕੁਝ ਵੀ ਨਹੀਂ। ਸੰਨ 1985 ਵਿੱਚ ਸਿੱਖ ਆਗੂਆਂ ਨੇ ਧਾਰਾ 25 ਬੀ ਦੀਆਂ ਕਾਪੀਆਂ ਸਾੜ ਕੇ ਆਪਣੇ ਵਿਰੋਧ ਦਾ ਪ੍ਰਗਟਾਵਾ ਵੀ ਕੀਤਾ ਸੀ, ਕਿਉਂਕਿ ਇਸ ਧਾਰਾ ਅਧੀਨ ਸਿੱਖਾਂ ਨੂ ਹਿੰਦੂ ਗਰਦਾਨਿਆ ਗਿਆ ਹੈ, ਜਿਸ ਕਾਰਨ ਸੰਵਿਧਾਨ ਕਮੇਟੀ ਦੇ ਦੋ ਸਿੱਖ ਮੈਂਬਰਾਂ ਸਰਦਾਰ ਹੁਕਮ ਸਿੰਘ ਅਤੇ ਸਰਦਾਰ ਬਲਦੇਵ ਸਿੰਘ ਮਾਨ ਨੇ ਦਸਤਖਤ ਨਹੀਂ ਸਨ ਕੀਤੇ। 84 ਤੱਕ ਬਹੁਤ ਸਾਰੇ ਸਿੱਖ ਆਗੂ ਸੰਵਿਧਾਨ ਦੀ ਧਾਰਾ 25 ਦਾ ਵਿਰੋਧ ਕਰਦੇ ਇਸ ਦੀਆਂ ਕਾਪੀਆਂ ਤਕ ਸਾੜਦੇ ਰਹੇ, ਪਰ ਉਨ੍ਹਾਂ ਵਿੱਚੋਂ ਬਹੁਤੇ ਮੁੜ ਇੰਡੀਅਨ ਸਟੇਟ ਦੀ ਮੁੱਖ- ਧਾਰਾ 'ਚ ਸ਼ਾਮਲ ਹੁੰਦਿਆਂ ਹੋਇਆਂ, ਆਪਣੇ ਕੀਤੇ ਵੱਲ ਹੀ ਪਿੱਠ ਕਰਕੇ ਖਲੋ ਗਏ।

ਸੰਘਰਸ਼ਸ਼ੀਲ ਅੱਜ ਵੀ 26 ਜਨਵਰੀ ਨੂੰ ਸੰਵਿਧਾਨਕ ਗ਼ੁਲਾਮੀ ਕਰਾਰ ਦਿੰਦੇ ਹਨ। ਭਾਰਤ ਦੇ ਇਤਿਹਾਸ ਵਿੱਚ ਘੱਟ ਗਿਣਤੀ ਸਿੱਖ ਭਾਈਚਾਰੇ ਖ਼ਿਲਾਫ਼ ਸੱਤਾ ਦੇ ਧਰੁਵੀਕਰਨ ਦੀ ਕੋਹਝੀ ਤਸਵੀਰ ਦੇਖਣੀ ਹੋਵੇ, ਤਾਂ ਨਵੰਬਰ 1984 ਵਿੱਚ ਸਿੱਖ ਨਸਲਕੁਸ਼ੀ ਦੇ ਦੁਖਾਂਤ ਹੋ ਸਪੱਸ਼ਟ ਹੋ ਜਾਂਦੀ ਹੈ। ਆਜ਼ਾਦ ਭਾਰਤ 'ਚ ਸਰਕਾਰੀ-ਤੰਤਰ ਦੀ ਆੜ 'ਚ ਹਜ਼ਾਰਾਂ ਸਿੱਖਾਂ ਦਾ ਕਤਲ ਹੋਇਆ, ਪਰ ਜਵਾਬ 'ਚ ਬਹੁਗਿਣਤੀ ਵੱਲੋਂ ਉਸ ਸਮੇਂ ਦੀ 'ਕਾਂਗਰਸ' ਨੂੰ ਸਭ ਤੋਂ ਵੱਡਾ ਬਹੁਮਤ ਹਾਸਿਲ ਹੋਇਆ। ਇਸ ਵਰਤਾਰੇ ਨੂੰ ਦੁਹਰਾਉਂਦੇ ਹੋਏ, ਸੰਨ 2002 ਵਿੱਚ ਗੁਜਰਾਤ ਅੰਦਰ ਮੁਸਲਿਮ ਕਤਲੇਆਮ ਹੋਇਆ , ਉਸ ਮਗਰੋਂ 'ਭਾਰਤੀ ਜਨਤਾ ਪਾਰਟੀ' ਨੂੰ ਬਹੁ ਗਿਣਤੀ ਵੱਲੋਂ ਭਾਰੀ ਬਹੁਮਤ ਨਾਲ ਨਿਵਾਜਿਆ ਗਿਆ। ਅੱਜ ਦੀ ਤਾਰੀਖ਼ ਵਿੱਚ ਧਾਰਾ 370 ਦਾ ਖਾਤਮਾ, ਸੀ.ਏ.ਏ. ਵਰਗੇ ਐਕਟ ਆਦਿ ਵੋਟਾਂ ਦੇ ਧਰੁਵੀਕਰਨ ਲਈ ਜ਼ਮੀਨ ਤਿਆਰ ਕਰ ਰਹੇ ਹਨ, ਜੋ ਕਿ ਆਜ਼ਾਦ ਦੇਸ਼ ਨੂੰ ਬਰਬਾਦ ਕਰਨ ਲਈ ਜ਼ਿੰਮੇਵਾਰ ਸਾਬਿਤ ਹੋਣਗੇ। ਦੇਸ਼ ਦੇ ਤਖ਼ਤ 'ਤੇ ਚੋਰ-ਉਚੱਕੇ 'ਚੌਧਰੀ' ਬਣਕੇ ਜੋ ਤਬਾਹੀ ਕਰ ਰਹੇ ਹਨ, ਉਸਦਾ ਨਤੀਜਾ ਡਾਕਟਰ ਰਾਹਤ ਇੰਦੌਰੀ ਦੇ ਸ਼ਬਦਾਂ 'ਚ ਹੀ ਸਹੀ ਬਿਆਨ ਕੀਤਾ ਜਾ ਸਕਦਾ ਹੈ :

"ਬਨ ਕੇ ਹਾਦਸਾ ਬਾਜ਼ਾਰ ਮੇਂ ਆ ਜਾਏਗਾ।<br>
ਜੋ ਨਹੀਂ ਹੋਗਾ ਵੋ ਅਖ਼ਬਾਰ ਮੇਂ ਆ ਜਾਏਗਾ।<br>
ਚੋਰ ਉਚੱਕੋਂ ਕੀ ਕਰੋ ਕਦਰ ਕਿ ਮਾਲੂਮ ਨਹੀਂ<br>
ਕੌਨ ਕਬ ਕੌਨ ਸੀ ਸਰਕਾਰ ਮੇਂ ਆ ਜਾਏਗਾ।"

ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ, ਆਜ਼ਾਦੀ ਮਗਰੋਂ ਇਕ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੱਲੋਂ ਪੁੱਛਿਆ ਇਹ ਸਵਾਲ ਕਿ ਬਾਬਾ ਜੀ, ਤੁਹਾਡੀ ਕਮਰ ਝੁਕ ਗਈ ਹੈ, ਦੇ ਜਵਾਬ 'ਚ ਬਾਬਾ ਭਕਨਾ ਨੇ ਕਿਹਾ ਸੀ ਕਿ ਅੰਗਰੇਜ਼ ਤਾਂ ਉਨ੍ਹਾਂ ਦੀ ਪਿੱਠ 'ਚ ਕੁੱਬ ਨਾ ਪਾ ਸਕੇ, ਪਰ ਆਜ਼ਾਦ ਦੇਸ਼ ਦੀ ਆਪਣੀ ਸਰਕਾਰ ਨੇ ਜ਼ਰੂਰ ਪਾ ਦਿੱਤਾ । ਅੱਜ ਗਣਰਾਜ ਭਾਰਤ ਦੇ 73 ਵਰ੍ਹੇ ਬੀਤਣ ਮਗਰੋਂ ਜੇਲ੍ਹਾਂ ਅੰਦਰ ਤਾੜੇ ਅਪਾਹਜ ਵਿਅਕਤੀ ਅਤੇ ਸਿਆਸੀ ਆਲੋਚਕ ਵੀ ਬਾਬਾ ਭਕਨਾ ਵਾਂਗ ਹੀ ਮਹਿਸੂਸ ਕਰ ਰਹੇ ਹਨ। 'ਸ਼ੇਰਾਂ ਦੀ ਮਾਰਾਂ ਤੇ ਗਿੱਦੜਾਂ ਦੀਆਂ ਕਲੋਲਾਂ' ਵਾਂਗ ਜਿਹੜੇ ਕੋੜਮੇ ਨੇ ਆਜ਼ਾਦੀ 'ਚ ਹਿੱਸਾ ਪਾਉਣ ਦੀ ਥਾਂ, ਅੰਗਰੇਜ਼-ਪ੍ਰਸਤੀ ਕੀਤੀ, ਅੱਜ ਉਹ ਆਜ਼ਾਦੀ ਦੇ ਪ੍ਰਵਾਨਿਆਂ ਤੋਂ 'ਦੇਸ਼ ਪਿਆਰ' ਦੇ ਪ੍ਰਮਾਣ ਮੰਗ ਰਹੇ ਹਨ। ਦੇਸ਼ ਅੰਦਰ ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ, ਸਿਆਸਤ ਦਾ ਅਪਰਾਧੀਕਰਨ, ਭ੍ਰਿਸ਼ਟਾਚਾਰ, ਜਬਰ- ਜਿਨਾਹ ਅਤੇ ਥਾਂ- ਥਾਂ ਮਨੁੱਖੀ ਕਤਲੇਆਮ ਹੋ ਰਹੇ ਹਨ। ਅਜਿਹੀ ਹਾਲਤ 'ਚ ਹਰ ਬਸ਼ਰ ਦੇ ਜ਼ਿਹਨ 'ਚ ਅਲਾਮਾ ਇਕਬਾਲ ਦਾ ਇਹ ਸ਼ੇਅਰ ਚੋਟਾਂ ਮਾਰ ਰਿਹਾ ਹੈ,

"ਮੁੱਦਤੇਂ ਗੁਜ਼ਰੀ ਹੈਂ ਇਤਨੀਂ ਰੰਜੋ ਗ਼ਮ ਸਹਿਤੇ ਹੂਏ।

ਸ਼ਰਮ ਸੀ ਆਤੀ ਹੈ ਇਸ ਵਤਨ ਕੋ ਵਤਨ ਕਹਿਤੇ ਹੂਏ।"

ਅੱਜ ਦੇਸ਼ ਵਿੱਚ ਅਣ ਐਲਾਨੀ ਐਮਰਜੈਂਸੀ ਦਾ ਮਾਹੌਲ ਹੈ। ਜੇਲ੍ਹਾਂ ਅੰਦਰ ਬੰਦ ਕੈਦੀਆਂ ਦੀ ਰਿਹਾਈ ਲਈ ਦੁਨੀਆਂ ਭਰ ਵਿੱਚ ਰੋਸ ਪ੍ਰਦਰਸ਼ਨ ਹੋ ਰਹੇ ਹਨ। ਪੰਜਾਬ 'ਚ ਪ੍ਰੋ ਦਵਿੰਦਰਪਾਲ ਸਿੰਘ ਭੁੱਲਰ, ਭਾਈ ਜਗਤਾਰ ਸਿੰਘ ਹਵਾਰਾ, ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਪਰਮਜੀਤ ਸਿੰਘ ਭਿਓਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਗੁਰਦੀਪ ਸਿੰਘ ਖੇੜਾ, ਭਾਈ ਸ਼ਮਸ਼ੇਰ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਲਖਵਿੰਦਰ ਸਿੰਘ ਲੱਖਾ ਸਮੇਤ ਅਨੇਕਾਂ ਸਿੱਖ ਕੈਦੀ ਲੰਮੀਆਂ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਅਜੇ ਤੱਕ ਜੇਲ੍ਹ ਵਿਚ ਬੰਦ ਹਨ, ਭਾਰਤ ਵੱਲੋਂ ਕੈਨੇਡਾ ਦੀ ਧਰਤੀ ਤੇ ਭਾਈ ਹਰਦੀਪ ਸਿੰਘ ਨਿੱਝਰ ਨੂੰ ਏਜੰਸੀਆਂ ਰਾਹੀਂ ਕਤਲ ਕਰਵਾਉਣ ਦੀ ਸਾਜਿਸ਼ ਅਤੇ ਅਮਰੀਕਾ ਵਿੱਚ ਸਿੱਖ ਫਾਰ ਜਸਟਿਸ ਦੀ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਨਾਕਾਮ ਸਾਜਿਸ਼ ਤੋਂ ਬਾਅਦ ਦੁਨੀਆਂ ਭਰ ਦੇ ਵਿੱਚ ਇਹ ਚਿਹਰਾ ਨੰਗਾ ਹੋ ਗਿਆ ਹੈ ਜਿਸ ਕਰਕੇ 26 ਜਨਵਰੀ ਨੂੰ ਕਾਲੇ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ਗਿਆ ਹੈ। ਭਾਰਤ ਦੇ ਹੋਰਨਾਂ ਹਿੱਸਿਆਂ 'ਚੋਂ ਪ੍ਰੋਫੈਸਰ ਜੀ ਐਨ ਸਾਈ ਬਾਬਾ, ਆਨੰਦ ਤੈਲਤੁੰਬੜੇ ਸਮੇਤ ਵੱਡੀ ਗਿਣਤੀ ਵਿੱਚ ਮਨੁੱਖੀ ਅਧਿਕਾਰ ਕਾਰਕੁਨ ਜੇਲ੍ਹਾਂ ਵਿੱਚ ਸੜ ਰਹੇ ਹਨ। ਅਸਲੀਅਤ ਇਹ ਹੈ ਕਿ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕ ਪੱਖੀ ਸਿਆਸੀ ਦਾਅਵੇ ਨਿਰੇ ਪਾਖੰਡ ਤੋਂ ਸਿਵਾ ਕੁਝ ਵੀ ਨਹੀਂ। ਅਜਿਹੀ ਹਾਲਤ ਵਿੱਚ ਮਿਰਜ਼ਾ ਗ਼ਾਲਿਬ ਸਾਹਿਬ ਦਾ ਇਹ ਸ਼ਿਅਰ ਸਰਕਾਰ 'ਤੇ ਪੂਰਾ ਢੁੱਕਦਾ ਹੈ,

"ਕਾਅਬੇ ਕਿਸ ਮੂੰਹ ਸੇ ਜਾਓਗੇ ਗ਼ਾਲਿਬ<br>
ਸ਼ਰਮ ਤੁਮਕੋ ਮਗਰ ਨਹੀਂ ਆਤੀ।"

# ਪੰਜਾਬੀ ਨੌਜਵਾਨ ਦੀ ਸੜਕ ਹਾਦਸੇ ਚ ਮੌਤ



ਫਰਨੀ:ਇੱਕ ਸੜਕ ਹਾਦਸੇ ਵਿਚ ਪੰਜਾਬੀ ਨੌਜਵਾਨ ਦੀ ਮੌਤ ਹੋ ਗਈ ਹੈ। ਮ੍ਰਿਤਕ ਦੀ ਪਛਾਣ ਗੁਰਜੰਟ ਸਿੰਘ ਪੁੱਤਰ ਦਲਬੀਰ ਸਿੰਘ ਵਾਸੀ ਬੁਤਾਲਾ, ਬਾਬਾ ਬਕਾਲਾ ਸਾਹਿਬ ਵਜੋਂ ਹੋਈ ਹੈ।ਦੱਸਿਆ ਜਾ ਰਿਹਾ ਹੈ ਕਿ, ਇਹ ਹਾਦਸਾ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਫਰਨੀ ਨੇੜੇ ਵਾਪਰਿਆ। ਮ੍ਰਿਤਕ ਦੇ ਪਰਿਵਾਰ ਵਾਲਿਆਂ ਮੁਤਾਬਿਕ, ਆਪਣੀ ਭੈਣ ਦਾ ਵਿਆਹ ਕਰਕੇ ਗੁਰਜੰਟ ਸਿੰਘ ਕਰੀਬ 7 ਮਹੀਨੇ ਪਹਿਲਾਂ ਕੈਨੇਡਾ ਗਿਆ ਸੀ।ਪਰ ਉਹਦੀ ਸੜਕ ਹਾਦਸੇ ਵਿਚ ਮੌਤ ਹੋ ਜਾਣ ਕਾਰਨ ਪਰਿਵਾਰ ਕਾਫ਼ੀ ਸਦਮੇ ਵਿਚ ਹੈ। ਮ੍ਰਿਤਕ ਦੇ ਪਰਿਵਾਰਿਕ ਮੈਂਬਰਾਂ ਨੇ ਸਰਕਾਰ ਕੋਲੋਂ ਮੰਗ ਕੀਤੀ ਕਿ, ਗੁਰਜੰਟ ਸਿੰਘ ਦੀ ਲਾਸ਼ ਭਾਰਤ ਲਿਆਉਣ ਵਿਚ ਉਨ੍ਹਾਂ ਦੀ ਮਦਦ ਕੀਤੀ ਜਾਵੇ।

Full Cleaning Service

ਦਫਤਰ, ਨਵੇਂ ਪੁਰਾਣੇ ਘਰ ਦੀ ਤਸੱਲੀਬਖ਼ਸ਼ ਸਫਾਈ ਕਰਦੇ ਹਾਂ।ਵੀਕਐਂਡ ਅਤੇ ਸ਼ਾਮ ਨੂੰ ਵੀ ਸੇਵਾਵਾਂ ਦਿੰਦੇ ਹਾਂ।

ਹੋਰ ਜਾਣਕਾਰੀ ਲਈ ਫੋਨ ਕਰੋ

604-518-4698

THE GRAND TAJ
BANQUET HALL

Khalsa Business Centre, 84th Ave. & 128th St., Surrey

The Grand Taj



CATERING SERVICE & MUSIC ARRANGEMENT

Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ

604-599-4342

Fax: 604-599-4818
Email: grandtaj@grandtaj.com
www.grandtaj.com

Our Facilities Are Perfect For:

WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਕਵਿਤਾਵਾਂ

## ਕਾਂਗਰਸ ਦੀ ਕਾਂ-ਕਾਂ

ਕਾਂਗਰਸ ਦੀ ਕਾਂ ਕਾਂ, ਕਦੀ ਨਹੀਂ ਮੁੱਕਣੀ,
ਪਾਰਟੀ ਪੈ ਜਾਣੀ ਫੇਰ, ਇੱਕ ਦਿਨ ਸੁੱਕਣੀ।

ਜਿਸ ਬਾਗ ਵਿੱਚ ਕਾਟੋ, ਕਾਟੋ ਨਾਲ਼ ਲੜੇ,
ਮਰੀ ਹੋਈ ਇੱਕ ਕਾਟੋ, ਪੈਂਦੀ ਫੇਰ ਚੁੱਕਣੀ।

ਵੜਿੰਗ ਧੜਿੰਗ ਬੜੇ ਨੇ, ਇਸ ਦੀ ਪੂਛ ਵਿੱਚ,
ਬਾਜਵਿਆਂ 'ਤੇ ਸਿੱਧੂਆਂ ਦੀ, ਕਦੇ ਨਹੀ ਪੁੱਗਣੀ।

ਕਈ ਬੜੇ ਰਣ ਧਾਵੇ, ਕਰਨ ਬੋਲ ਬੋਲ ਧਾਵੇ,
ਹਰ ਕੋਈ ਚਾਹਵੇ ਅਪਣੀ, ਹੀ ਜੰਗ ਜਿੱਤਣੀ।

ਆਪ ਹੁਦਰੇ ਕਈ ਇੱਥੇ, ਸਿੱਧੇ ਨਹੀਂ ਚੱਲਦੇ,
ਏਸੇ ਲਈ ਆਪਸ ਵਿੱਚ, ਰਹਿੰਵਦੀ ਹੈ ਅਣਬਣੀ।

ਹਰ ਕੋਈ ਚਾਹਵੇ ਬੇਰ, ਟੀਸੀ ਵਾਲ਼ਾ ਖਾਵਣਾ,
ਇੱਕ ਦੂਜੇ ਦੀਆਂ ਲੱਤਾਂ, ਖਿੱਚਦੇ ਨੇ ਖੁਣਸਣੀ।

ਰੋਜ਼ ਤਮਾਸ਼ਾ ਨਵਾਂ ਹੀ, ਦੇਖਣ ਨੂੰ ਮਿਲ਼ ਰਿਹਾ,
ਜਨਤਾ ਨੂੰ ਦੇਖ ਦੇਖ, ਆਵੇ ਰੋਜ਼ ਝੁਣਝੁਣੀ।

ਅਕਲੋਂ ਖਾਲੀ ਸਿਰ ਨੇ, ਫਸੇ ਹੋਏ ਚਿੱਕੜ ਵਿੱਚ,
ਹਰ ਮੂਰਖ ਇੱਕ ਦੂਜੇ ਦੀ, ਕਰਦਾ ਹੈ ਅਣਸੁਣੀ।

ਮਰ ਜਾਂਦੇ ਆਪਣੀ ਹੀ, ਮੌਤੇ ਕਈ ਸਿਰਫਿਰੇ,
ਬੱਸ ਲਾਸ਼ ਹੀ ਪੈਂਦੀ, ਆਖਰ ਜਾ ਕੇ ਫੂਕਣੀ।

ਕੱਲੇ ਕੱਲੇ 'ਕੱਠ 'ਕੱਠ,
ਹੋਈ ਜਾਂਦੇ ਥਾਉਂ ਥਾਈਂ,
ਛਿੱਤਰੀਂ ਵੰਡੀ ਜਾਂਦੀ ਦਾਲ਼,
ਕਦੀ ਨਹੀਂ ਮੁੱਕਣੀ।



ਕਾਂਗਰਸ ਦੀ ਕਾਂ ਕਾਂ, ਕਦੀ
ਨਹੀਂ ਮੁੱਕਣੀ,
ਪਾਰਟੀ ਪੈ ਜਾਣੀ ਫੇਰ,
ਇੱਕ ਦਿਨ ਸੁੱਕਣੀ।

**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ ਯੂ ਕੇ**

## ਇਹ ਦੁਨੀਆ ਮਤਲਬ ਦੀ...

ਇਹ ਦੁਨੀਆ ਮਤਲਬ ਦੀ
ਇੱਥੇ ਸਭ ਮਤਲਬ ਤਾਈਂ ਬੁਲਾਉਂਦੇ ,
ਇਹ ਦੁਨੀਆ ਮਤਲਬ ਦੀ
ਇੱਥੇ ਸਭ ਮਤਲਬ ਤਾਈਂ ਬੁਲਾਉਂਦੇ।
ਲੋੜ ਪੈ ਜਾਵੇ ਜੇ ਇਨ੍ਹਾਂ ਨੂੰ ,
ਤਾਂ ਹੱਸ - ਹੱਸ ਯਾਰੀਆਂ ਲਾਉਂਦੇ ,
ਇਹ ਦੁਨੀਆ ਮਤਲਬ ਦੀ
ਇੱਥੇ ਸਭ ਮਤਲਬ ਤਾਈਂ ਬੁਲਾਉਂਦੇ।
ਰੋਂਦਿਆਂ ਨੂੰ ਇਕੱਲਾ ਛੱਡ ਕੇ ,
'ਧਰਮਾਣੀ ' ਹੋਰ ਰੁਆਉਂਦੇ ,
ਇਹ ਦੁਨੀਆ ਮਤਲਬ ਦੀ
ਇੱਥੇ ਆਪਣਿਆਂ ਨੂੰ ' ਆਪਣੇ ' ਸਤਾਉਂਦੇ।
ਮਰਦੇ - ਵਿਲਕਦੇ ਨੂੰ ਬਚਾਉਂਦੇ ਨਾ ,
ਝੱਟ ਉਸਦੀ ਵੀਡੀਓ ਬਣਾਉਂਦੇ ,
ਇਹ ਦੁਨੀਆ ਮਤਲਬ ਦੀ ,
ਇੱਥੇ ਮਤਲਬ ਤਾਈਂ ਬੁਲਾਉਂਦੇ।
ਜਿਤ 'ਤੇ ਚੁੱਪ ਰਹਿੰਦੇ ,
'ਧਰਮਾਣੀ ' ਕਿਸੇ ਦੀ ਜਿੱਤ 'ਤੇ ਚੁੱਪ ਰਹਿੰਦੇ ,
ਦੂਜਿਆਂ ਦੀ ਹਾਰ 'ਤੇ ਖੁਸ਼ੀ ਮਨਾਉਂਦੇ ,
ਇਹ ਦੁਨੀਆ ਮਤਲਬ ਦੀ ,
ਇੱਥੇ ਮਤਲਬ ਤਾਈਂ ਬੁਲਾਉਂਦੇ ,
ਇੱਥੇ ਮਤਲਬ ਤਾਈਂ ਪਿਆਰ ਜਤਾਉਂਦੇ।
ਡਿੱਗੇ - ਟੁੱਟੇ ਨੂੰ ਚੁੱਕਦੇ ਨਾ ,
'ਧਰਮਾਣੀ ' ਡਿੱਗੇ - ਟੁੱਟੇ ਨੂੰ ਚੁੱਕਦੇ ਨਾ ,
ਚਲਦਿਆਂ 'ਤੇ ਰਿਸ਼ਤੇ ਨਿਭਾਉਂਦੇ ,
ਇਹ ਦੁਨੀਆ ਮਤਲਬ ਦੀ ,
ਇੱਥੇ ਮਤਲਬ ਤਾਈਂ ਅਪਣੱਤ ਦਿਖਾਉਂਦੇ।
'ਧਰਮਾਣੀ ' ਇਹ ਦੁਨੀਆ ਰੰਗਲੀ ਐ ,
ਸਭ ਆਪਣੇ - ਆਪਣੇ ਹਾਲ ਸੁਣਾਉਂਦੇ।
ਇਹ ਦੁਨੀਆ ਮਤਲਬ ਦੀ ,
ਇੱਥੇ ਸਭ ਮਤਲਬ ਤਾਈਂ ਬੁਲਾਉਂਦੇ ,
'ਧਰਮਾਣੀ ' ਸਭ ਮਤਲਬ ਤਾਈਂ ਬੁਲਾਉਂਦੇ।

**ਲੇਖਕ : ਮਾਸਟਰ ਸੰਜੀਵ ਧਰਮਾਣੀ**

## .ਗ਼ਜ਼ਲ

ਨਹੀਂ ਜਾਰੀ ਸਫ਼ਰ ਦੀਵੇ ਦਾ
ਇਸ ਵਕਤੀ ਉਜਾਲੇ ਤੱਕ
ਨਹੀਂ ਜਾਰੀ ਸਫ਼ਰ ਦੀਵੇ ਦਾ
ਇਸ ਵਕਤੀ ਉਜਾਲੇ ਤੱਕ,
ਇਨ੍ਹੇ ਬਲਦੇ ਹੀ ਰਹਿਣਾ ਹੈ,
ਨਿਰੰਤਰ ਪਹੁ ਫੁਟਾਲੇ ਤੱਕ॥
ਕੁਰਾਹੇ ਰਹਿਬਰਾਂ ਪਾਇਆ ਯਾ
ਮੰਜ਼ਿਲ ਹੀ ਛਲਾਵਾ ਹੈ
ਜ਼ਮਾਨੇ ਤੁਰਦਿਆਂ ਹੋਏ,
ਅਧੂਰੀ ਵਾਟ ਹਾਲੇ ਤਕ ॥
ਅਜੋਕੇ ਹਾਦਸੇ ਐਸੇ ਨੇ,
ਹਰ ਇਕ ਹਾਦਸੇ ਮਗਰੋਂ,
ਕਈ ਦਿਨ ਡਰ ਜਿਹਾ ਛਾਇਆ
ਰਹੇ ਆਲੇ ਦੁਆਲੇ ਤਕ ॥
ਕਈ ਜ਼ਹਿਰੀਲੀਆਂ ਗੈਸਾਂ ਦੇ ਧੂੰਏਂ,
ਸੇਕ ਭੱਠੀਆਂ ਦੇ,
ਉਡਾ ਕੇ ਰੰਗ ਧਰਤੀ ਦਾ ਤੇ ਜਾ
ਪਹੁੰਚੇ ਹਿਮਾਲੈ ਤਕ ॥
ਕਿਸੇ ਦਿਨ ਹਾਰ ਕੇ ਸਿੱਧੇ
ਅਸਿੱਧੇ ਹੱਥ ਪਹੁੰਚਣਗੇ,
ਅਸਾਨੂੰ ਰੋਜ਼ ਨਵੀਆਂ ਉਲਝਣਾਂ
ਵਿਚ ਪਾਉਣ ਵਾਲੇ ਤੱਕ ॥

**ਲੇਖਕ : ਸੁਰਜੀਤ ਸਖੀ**









# FRASERVIEW MEATS

*The Name of Guaranteed Quality Meats*







*Number One Quality Meat in Lower Mainland*

We also sell cooked chicken
We take orders for all occassion

Serving You Since 1993



Jagir S. Nagra

Try our Special Chicken Tikkar

**604-592-2900**

#102-12047-80th Ave. Surrey (Besides Mega Fruticana)
www.fraserviewmeats.com



# Rai Express Lines Ltd.



## Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

**Call today 604-503-6900**

Email-kal@raiexpresslines.com www. raiexpressline.com

Unit 125-7475 135th Street, BC V3W 0M8



ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

# ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ
ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ
150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

**778-928-4522, 778-565-4141, 778-565-3232**


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
Special Sale
3 PCS Set
$1150
2 PCS SOFA & LOVE SEAT
$1550
2 PCS SOFA & LOVE SEAT
$1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# DHALIWAL GROUP OF COMPANIES








ਅਸੀਂ ਜਿੰਨੇ ਮਰਜੀ ਬੰਦਿਆਂ ਦੀ ਕੇਟਰਿੰਗ ਵੀ ਕਰਦੇ ਹਾਂ

ਅਸੀਂ ਤੁਹਾਡੇ ਘਰ ਤੰਦੂਰ ਲਾ ਕੇ ਕੇਟਰਿੰਗ ਕਰਦੇ ਹਾਂ- ਵੈਜ ਅਤੇ ਨਾਨ ਵੈਜ

ਇੰਡੀਆ ਵਰਗੇ ਖੋਏ ਦੀ ਸਪੈਸ਼ਲ ਬਰਫੀ

ਅਸੀਂ ਹਰ ਤਰ੍ਹਾਂ ਦੇ ਪ੍ਰੋਗਰਾਮਾਂ ਦੀ ਕੇਟਰਿੰਗ ਕਰਦੇ ਹਾਂ

**604-543-2222**

Dhaliwal Sweets
2636 Cedar Park Place
Abbotsford
604.852.2345

Dhaliwal Banquet Hall
Surrey
604-598-1165

Dhoom Restaurant
York Centre Surrey
604-543-2222

Dhaliwal Sweets
Surrey
604-596-1312

Dhaliwal Pizza & Bakery
#104-7790-128 St. Surrey
(Near 78th Ave.)
604-598-8889

Dhoom Restaurant & Bar Vancouver
604-325-4911

Dhaliwal Sweets
Vancouver
604-325-4911

Himalaya Dairy
Surrey
604-543-2421

www.DhoomRestaurant.com



BRITISH COLUMBIA

ਸਟ੍ਰੀਟ ਡਰੱਗਜ਼ (ਨਸ਼ੀਲੇ ਪਦਾਰਥ) ਕਾਰ ਹਾਦਸਿਆਂ ਦੀ ਤੁਲਨਾ ਵਿੱਚ ਜ਼ਿਆਦਾ ਲੋਕਾਂ ਨੂੰ ਮਾਰਦੀਆਂ ਹਨ।

ਕੋਈ ਵੀ ਖੁਰਾਕ ਘਾਤਕ ਹੋ ਸਕਦੀ ਹੈ।

ਬੀ.ਸੀ. ਵਿੱਚ 10 ਤੋਂ 18 ਸਾਲ ਦੀ ਉਮਰ ਦੇ ਲੋਕਾਂ ਲਈ ਸਟ੍ਰੀਟ ਡਰੱਗਜ਼ ਮੌਤ ਦਾ ਪ੍ਰਮੁੱਖ ਕਾਰਨ ਹਨ।

ਆਪਣੇ ਬੱਚਿਆਂ ਨਾਲ ਤੱਥਾਂ ਬਾਰੇ ਗੱਲ ਕਰੋ।

**PoisonDrugs.gov.bc.ca**